**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ਼੍ਰੀ ਗੁਰਿੰਦਰ ਸਿੰਘ, (9872400990)
1098/2-ਐਫ, ਗਲੀ ਨੰ: 23,
ਪੰਜਾਬ ਮਾਤਾ ਨਗਰ,ਲੁਧਿਆਣਾ। -------ਅਪੀਲਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ,
ਦਫਤਰ ਡਾਇਰੈਕਟਰ, ਸਿੱਖਿਆ (ਕਾਲਿਜਾਂ),
ਪੰਜਾਬ, ਫੇਜ਼ 8, ਮੁਹਾਲੀ।

ਪਹਿਲੀ ਅਪੀਲੀ ਅਥਾਰਟੀ,
ਦਫਤਰ ਡਾਇਰੈਕਟਰ, ਸਿੱਖਿਆ (ਕਾਲਿਜਾਂ),
ਪੰਜਾਬ, ਫੇਜ਼ 8, ਮੁਹਾਲੀ। -------ਉੱਤਰਦਾਤਾ

**ਅਪੀਲ ਕੇਸ ਨੰ:1924/2019**

**ਹਾਜ਼ਰ:-**

1) ਅਪੀਲਕਰਤਾ ਵੱਲੋਂ ਕੋਈ ਵੀ ਨਹੀਂ।
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ਼੍ਰੀ ਹੇਮ ਚੰਦ, ਸੀਨੀਅਰ ਸਹਾਇਕ (96468-23270)।

**ਹੁਕਮ:**

ਅਪੀਲਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇਕ ਬਿਨੈ ਪੱਤਰ ਮਿਤੀ 18-01-2019, ਲੋਕ ਸੂਚਨਾ ਅਧਿਕਾਰੀ ਦਫਤਰ ਡਾਇਰੈਕਟਰ, ਸਿੱਖਿਆ (ਕਾਲਿਜਾਂ),ਪੰਜਾਬ, ਮੁਹਾਲੀ ਨੂੰ ਪੇਸ਼ ਕੀਤਾ ਸੀ ਜਿਸ ਰਾਹੀਂ ਉਸ ਨੇ ਕਮਲਾ ਲੋਹਟੀਆ ਐਸ.ਡੀ. ਕਾਲਿਜ, ਲੁਧਿਆਣਾ ਨੂੰ ਅਕੈਡਮਿਕ ਸੈਸ਼ਨ, 1992-93 ਲਈ ਜਾਰੀ ਕੀਤੇ ਗਏ ਐਨ.ਓ.ਸੀ. ਨਾਲ ਸਬੰਧਤ 06 ਨੁਕਤਿਆਂ ਬਾਰੇ ਸੂਚਨਾ ਦੀ ਮੰਗ ਕੀਤੀ ਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 25-03-2019 ਨੂੰ ਪਹਿਲੀ ਅਪੀਲੀ ਅਥਾਰਟੀ ਕੋਲ ਅਪੀਲ ਦਾਇਰ ਕੀਤੀ ਸੀ। ਉਸ ਉਪਰੰਤ ਉਸ ਨੇ ਮਿਤੀ 27-05-2019 ਨੂੰ ਕਮਿਸ਼ਨ ਕੋਲ ਦੂਜੀ ਅਪੀਲ ਦਾਇਰ ਕੀਤੀ ਸੀ ਜਿਸ ਨੂੰ ਪੜਚੋਲਣ ਉਪਰੰਤ ਮਿਤੀ 12-07-2919 ਨੂੰ ਨੋਟਿਸ ਜਾਰੀ ਕਰਕੇ ਇਹ ਕੇਸ ਪਹਿਲੀ ਸੁਣਵਾਈ ਮਿਤੀ 14-08-2019 ਨੂੰ ਸਵੇਰੇ 11:30 ਵਜੇ ਲਈ ਕੀਤਾ ਗਿਆ ਸੀ।

2. ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਹਾਜ਼ਰ ਸ਼੍ਰੀ ਹੇਮ ਚੰਦ, ਸੀਨੀਅਰ ਸਹਾਇਕ ਨੇ ਪੱਤਰ ਨੰ:4/9-2019 ਕਾ ਐਜੂ(1)/623-24, ਮਿਤੀ 29-07-2019 ਜਿਸ ਦਾ ਇੱਕ ਉਤਾਰਾ ਅਪੀਲਕਰਤਾ ਨੂੰ ਵੀ ਭੇਜਿਆ ਹੋਇਆ ਹੈ, ਦੀ ਦਫ਼ਤਰੀ ਕਾਪੀ ਪੇਸ਼ ਕਰਦੇ ਹੋਏ ਕਿਹਾ ਕਿ ਅਪੀਲਕਰਤਾ ਨੂੰ ਭੇਜੀ ਜਾ ਚੁੱਕੀ ਹੈ। ਹਾਜ਼ਰ ਉੱਤਰਦਾਤਾ ਵਲੋਂ ਪੇਸ਼ ਕੀਤਾ ਗਿਆ ਪੱਤਰ ਮਿਸਲ ਤੇ ਰੱਖ ਲਿਆ ਗਿਆ ਹੈ।ਅਪੀਲਕਰਤਾ ਅੱਜ ਹਾਜ਼ਰ ਨਹੀਂ ਹੋਇਆ ਅਤੇ ਨਾ ਹੀ ਉਸ ਵੱਲੋਂ ਅੱਜ ਪੇਸ਼ੀ ਤੇ ਹਾਜ਼ਰ ਨਾ ਹੋਣ ਬਾਰੇ ਕਮਿਸ਼ਨ ਨੂੰ ਕੋਈ ਸੂਚਨਾ ਹੀ ਭੇਜੀ ਗਈ ਹੈ।ਫਿਰ ਵੀ ਅਪੀਲਕਰਤਾ ਨੂੰ ਆਪਣਾ ਪੱਖ ਪੇਸ਼ ਕਰਨ ਦਾ ਮੌਕਾ ਦਿੰਦੇ ਹੋਏ ਹਦਾਇਤ ਕੀਤੀ ਜਾਂਦੀ ਹੈ ਕਿ ਜੇਕਰ ਉਸ ਨੂੰ ਪ੍ਰਾਪਤ ਹੋਈ ਸੂਚਨਾ ਵਿੱਚ ਕੋਈ ਤਰੁੱਟੀਆਂ ਪਾਈਆਂ ਜਾਣ ਤਾਂ ਉਨ੍ਹਾਂ ਬਾਰੇ ਲਿਖਤੀ ਤੌਰ ਤੇ ਲੋਕ ਸੂਚਨਾ ਅਧਿਕਾਰੀ ਨੂੰ ਸੂਚਿਤ ਕੀਤਾ ਜਾਵੇ। ਇਸ ਹਦਾਇਤ ਦੇ ਨਾਲ ਇਹ ਕੇਸ **ਅਗਲੀ ਸੁਣਵਾਈ ਮਿਤੀ 04-09-2019 ਨੂੰ ਸਵੇਰੇ 11-30 ਵਜੇ ਲਈ ਨਿਸਚਿਤ** ਕੀਤਾ ਜਾਂਦਾ ਹੈ।

**(ਨਿਧੱੜਕ ਸਿੰਘ ਬਰਾੜ)**
**ਮਿਤੀ: ਚੰਡੀਗੜ੍ਹ, 14 ਅਗਸਤ, 2019.** **ਰਾਜ ਸੂਚਨਾ ਕਮਿਸ਼ਨਰ, ਪੰਜਾਬ।**

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ਼੍ਰੀ ਭਿੰਦਰ ਸਿੰਘ,
2133, ਸੰਨੀ ਇਨਕਲੇਵ ਓਲਡ
ਸੈਕਟਰ 125 , ਪਿੱਛੇ ਕਿਡਜੀ ਸਕੂਲ ਖਰੜ,
ਜ਼ਿਲ੍ਹਾ ਮੁਹਾਲੀ। -------ਅਪੀਲਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ,
ਦਫਤਰ ਉਦਯੋਗ ਅਤੇ ਕਮਰਸ ਵਿਭਾਗ,
ਪੰਜਾਬ, ਉਦਯੋਗ ਭਵਨ, ਸੈਕਟਰ 17, ਚੰਡੀਗੜ੍ਹ।

ਪਹਿਲੀ ਅਪੀਲੀ ਅਥਾਰਟੀ,
ਦਫਤਰ ਡਾਇਰੈਕਟਰ, ਉਦਯੋਗ ਅਤੇ ਕਮਰਸ,
ਪੰਜਾਬ, ਉਦਯੋਗ ਭਵਨ, ਸੈਕਟਰ 17, ਚੰਡੀਗੜ੍ਹ। -------ਉੱਤਰਦਾਤਾ

**ਅਪੀਲ ਕੇਸ ਨੰ: 1941/2019**

**ਹਾਜ਼ਰ:-** 1) ਸ਼੍ਰੀ ਭਿੰਦਰ ਸਿੰਘ, ਅਪੀਲਕਰਤਾ।
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ਼੍ਰੀਮਤੀ ਸੁਖਜਿੰਦਰ ਕੌਰ, ਸੀਨੀਅਰ ਸਹਾਇਕ (94644-91993) ਅਤੇ ਸ਼੍ਰੀ ਮੇਜ਼ਰ ਸਿੰਘ ਸੀਨੀਅਰ ਸਹਾਇਕ (84270-11274)।

**ਹੁਕਮ:**

ਅਪੀਲਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇਕ ਬਿਨੈ ਪੱਤਰ ਮਿਤੀ 30-10-2018, ਲੋਕ ਸੂਚਨਾ ਅਧਿਕਾਰੀ ਦਫਤਰ ਉਦਯੋਗ ਅਤੇ ਕਮਰਸ ਵਿਭਾਗ,ਪੰਜਾਬ, ਚੰਡੀਗੜ੍ਹ ਨੂੰ ਪੇਸ਼ ਕੀਤਾ ਸੀ ਜਿਸ ਰਾਹੀਂ ਉਸ ਨੇ ਉਸ ਵਿਰੁੱਧ ਸ਼ਿਕਾਇਤ ਦੇ ਅਧਾਰ ਤੇ ਵਿਜੀਲੈਂਸ ਵਿਭਾਗ ਵੱਲੋਂ ਬਣਾਈ ਗਈ ਨੈਗੇਟਿਵ ਸੂਚੀ ਬਾਰੇ ਸੂਚਨਾ ਦੀ ਮੰਗ ਕੀਤੀ ਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 14-12-2018 ਨੂੰ ਪਹਿਲੀ ਅਪੀਲੀ ਅਥਾਰਟੀ ਕੋਲ ਅਪੀਲ ਦਾਇਰ ਕੀਤੀ ਸੀ। ਉਸ ਉਪਰੰਤ ਉਸ ਨੇ ਮਿਤੀ 27-05-2019 ਨੂੰ ਕਮਿਸ਼ਨ ਕੋਲ ਦੂਜੀ ਅਪੀਲ ਦਾਇਰ ਕੀਤੀ ਸੀ ਜਿਸ ਨੂੰ ਪੜਚੋਲਣ ਉਪਰੰਤ ਮਿਤੀ 12-07-2019 ਨੂੰ ਨੋਟਿਸ ਜਾਰੀ ਕਰਕੇ ਇਹ ਕੇਸ ਪਹਿਲੀ ਸੁਣਵਾਈ ਮਿਤੀ 14-08-2019 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

2. ਅੱਜ ਪੇਸ਼ੀ ਸਮੇਂ ਹਾਜ਼ਰ ਅਪੀਲਕਰਤਾ ਨੇ ਕਿਹਾ ਕਿ ਉਸ ਨੂੰ ਅਜੇ ਤੱਕ ਕੋਈ ਸੂਚਨਾ ਪ੍ਰਾਪਤ ਨਹੀਂ ਹੋਈ। ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਹਾਜ਼ਰ ਸ਼੍ਰੀਮਤੀ ਸੁਖਜਿੰਦਰ ਕੌਰ, ਸੀਨੀਅਰ ਸਹਾਇਕ ਅਤੇ ਸ਼੍ਰੀ ਮੇਜ਼ਰ ਸਿੰਘ ਸੀਨੀਅਰ ਸਹਾਇਕ ਨੇ ਕਿਹਾ ਕਿ ਅਪੀਲਕਰਤਾ ਵੱਲੋਂ ਮੰਗੀ ਗਈ ਸੂਚਨਾ ਪਹਿਲਾਂ ਹੀ ਉਸ ਨੂੰ ਭੇਜੀ ਜਾ ਚੁੱਕੀ ਹੈ।ਅਪੀਲਕਰਤਾ ਨੇ ਕਿਹਾ ਕਿ ਉਹ ਉੱਤਰਦਾਤਾ ਵੱਲੋਂ ਦਿੱਤੀ ਗਈ ਸੂਚਨਾ ਤੋਂ ਸੰਤੁਸ਼ਟ ਨਹੀਂ ਹੈ।

3. ਅਪੀਲਕਰਤਾ ਵੱਲੋਂ ਕਮਿਸ਼ਨ ਵਿਖੇ ਦਾਇਰ ਕੀਤੀ ਗਈ ਦੂਜੀ ਅਪੀਲ ਦੇ ਨਾਲ ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਦੇ ਪੱਤਰ, ਮਿਤੀ 21-12-2018 ਦੀ ਕਾਪੀ ਵੀ ਲਗਾਈ ਗਈ ਹੈ ਜਿਸ ਰਾਹੀਂ ਉੱਤਰਦਾਤਾ ਵੱਲੋਂ ਉਸ ਨੂੰ ਰਜਿਸਟਰਡ ਡਾਕ ਰਾਹੀਂ ਸੂਚਨਾ ਭੇਜੀ ਜਾ ਚੁੱਕੀ ਹੈ। ਉੱਤਰਦਾਤਾ ਦੇ ਜਵਾਬ ਨੂੰ ਕਮਿਸ਼ਨ ਵੱਲੋਂ ਘੋਖਣ ਉਪਰੰਤ ਤਸੱਲੀਬਖਸ਼ ਪਾਇਆ ਗਿਆ ਹੈ।ਇਸ ਕਰਕੇ ਇਸ ਕੇਸ ਵਿੱਚ ਵੀ ਕਿਸੇ ਹੋਰ ਕਾਰਵਾਈ ਦੀ ਲੋੜ ਨਹੀਂ ਹੈ। ਇਸ ਲਈ ਅਪੀਲਕਰਤਾ ਵੱਲੋਂ ਕਮਿਸ਼ਨ ਵਿਖੇ ਦਾਇਰ ਕੀਤਾ ਗਿਆ **ਅਪੀਲ ਕੇਸ ਦਾਖਲ ਦਫ਼ਤਰ** ਕੀਤਾ ਜਾਂਦਾ ਹੈ।

**(ਨਿਧੱੜਕ ਸਿੰਘ ਬਰਾੜ)**
**ਮਿਤੀ: ਚੰਡੀਗੜ੍ਹ, 14 ਅਗਸਤ, 2019.** **ਰਾਜ ਸੂਚਨਾ ਕਮਿਸ਼ਨਰ, ਪੰਜਾਬ।**

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ਼੍ਰੀ ਅਨੁਰਾਗ ਗੁਪਤਾ, (79867-99578)
ਪੁੱਤਰ ਲੇਟ ਸ਼੍ਰੀ ਪ੍ਰੇਮ ਸਾਗਰ,
ਛੜਿਆਂ ਮੁਹੱਲਾ (Charrian Mohala) ,
ਰਾਜਾ ਰਾਮ ਗਲੀ ਸੁਨਾਮ ਜਿਲਾ ਸੰਗਰੂਰ। --------ਅਪੀਲਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ,
ਦਫਤਰ ਕਾਰਜ ਸਾਧਕ ਅਫਸਰ,
ਨਗਰ ਕੌਂਸਿਲ, ਸੁਨਾਮ, ਸੰਗਰੂਰ।

ਪਹਿਲੀ ਅਪੀਲੀ ਅਥਾਰਟੀ,
ਦਫਤਰ ਡਿਪਟੀ ਡਾਇਰੈਕਟਰ,
ਸਥਾਨਕ ਸਰਕਾਰ, ਮਿੰਨੀ ਸਕੱਤਰੇਤ,
ਪਟਿਆਲਾ। -------ਉੱਤਰਦਾਤਾ

**ਅਪੀਲ ਕੇਸ ਨੰ:1942/ 2019**

**ਹਾਜ਼ਰ:-** 1) ਸ਼੍ਰੀ ਅਨੁਰਾਗ ਗੁਪਤਾ, ਅਪੀਲਕਰਤਾ।
2) ਉੱਤਰਦਾਤਾ ਵੱਲੋਂ ਕੋਈ ਵੀ ਨਹੀਂ।

**ਹੁਕਮ:**

ਅਪੀਲਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇਕ ਬਿਨੈ ਪੱਤਰ ਮਿਤੀ 28-01-2019, ਲੋਕ ਸੂਚਨਾ ਅਧਿਕਾਰੀ ਦਫਤਰ ਕਾਰਜ ਸਾਧਕ ਅਫਸਰ, ਨਗਰ ਕੌਂਸਿਲ, ਸੁਨਾਮ, ਸੰਗਰੂਰ ਨੂੰ ਪੇਸ਼ ਕੀਤਾ ਸੀ ਜਿਸ ਰਾਹੀਂ ਉਸ ਨੇ ਮਿਊਂਸਪੈਲਿਟੀ ਸੁਨਾਮ ਨਾਲ ਸਬੰਧਤ 06 ਨੁਕਤਿਆਂ ਬਾਰੇ ਸੂਚਨਾ ਦੀ ਮੰਗ ਕੀਤੀ ਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 05-03-2018 ਨੂੰ ਪਹਿਲੀ ਅਪੀਲੀ ਅਥਾਰਟੀ ਕੋਲ ਅਪੀਲ ਦਾਇਰ ਕੀਤੀ ਸੀ। ਉਸ ਉਪਰੰਤ ਉਸ ਨੇ ਮਿਤੀ 27-05-2019 ਨੂੰ ਕਮਿਸ਼ਨ ਕੋਲ ਦੂਜੀ ਅਪੀਲ ਦਾਇਰ ਕੀਤੀ ਸੀ ਜਿਸ ਨੂੰ ਪੜਚੋਲਣ ਉਪਰੰਤ ਮਿਤੀ 12-07-2019 ਨੂੰ ਨੋਟਿਸ ਜਾਰੀ ਕਰਕੇ ਇਹ ਕੇਸ ਪਹਿਲੀ ਸੁਣਵਾਈ ਮਿਤੀ 14-08-2019 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

2. ਅੱਜ ਪੇਸ਼ੀ ਸਮੇਂ ਹਾਜ਼ਰ ਅਪੀਲਕਰਤਾ ਨੇ ਕਿਹਾ ਕਿ ਉਸ ਨੂੰ ਅਜੇ ਤੱਕ ਕੋਈ ਸੂਚਨਾ ਪ੍ਰਾਪਤ ਨਹੀਂ ਹੋਈ। ਉੱਤਰਦਾਤਾ ਵੱਲੋਂ ਅੱਜ ਕੋਈ ਵੀ ਹਾਜ਼ਰ ਨਹੀਂ ਹੋਇਆ ਪਰੰਤੂ ਉਨ੍ਹਾਂ ਵੱਲੋਂ ਅੱਜ ਪੇਸ਼ੀ ਤੇ ਹਾਜ਼ਰ ਨਾ ਹੋਣ ਬਾਰੇ ਈ.ਮੇਲ, ਮਿਤੀ 14-08-2019 ਰਾਹੀਂ ਭੇਜੇ ਗਏ ਪੱਤਰ ਨੰ:1103, ਮਿਤੀ 14-08-2019 ਰਾਹੀਂ ਕਮਿਸ਼ਨ ਨੂੰ ਸੂਚਿਤ ਕਰਦੇ ਹੋਏ ਪੇਸ਼ੀ ਲਈ ਅਗਲੀ ਮਿਤੀ ਦੀ ਮੰਗ ਕੀਤੀ ਗਈ ਹੈ। ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਅਪੀਲਕਰਤਾ ਦੀ ਆਰ.ਟੀ.ਆਈ. ਅਰਜ਼ੀ ਅਨੁਸਾਰ, ਆਰ.ਟੀ. ਆਈ. ਐਕਟ, 2005 ਤਹਿਤ ਬਣਦੀ ਸੂਚਨਾ ਰਜਿਸਟਰਡ ਡਾਕ ਰਾਹੀਂ ਉਸ ਨੂੰ ਭੇਜਦੇ ਹੋਏ ਕਮਿਸ਼ਨ ਨੂੰ ਵੀ ਸੂਚਿਤ ਕੀਤਾ ਜਾਵੇ ਅਤੇ ਪੇਸ਼ੀ ਤੇ ਹਾਜ਼ਰੀ ਵੀ ਯਕੀਨੀ ਬਣਾਈ ਜਾਵੇ। ਇਸ ਹਦਾਇਤ ਦੇ ਨਾਲ ਇਹ ਕੇਸ **ਅਗਲੀ ਸੁਣਵਾਈ ਮਿਤੀ 21-08-2019 ਨੂੰ ਸਵੇਰੇ 11-30 ਵਜੇ ਲਈ ਨਿਸਚਿਤ** ਕੀਤਾ ਜਾਂਦਾ ਹੈ।

**(ਨਿਧੱੜਕ ਸਿੰਘ ਬਰਾੜ)**
**ਮਿਤੀ: ਚੰਡੀਗੜ੍ਹ, 14 ਅਗਸਤ, 2019.** **ਰਾਜ ਸੂਚਨਾ ਕਮਿਸ਼ਨਰ, ਪੰਜਾਬ।**

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ਼੍ਰੀ ਗਰਮੁੱਖ ਸਿੰਘ ਪੁੱਤਰ ਸ਼੍ਰੀ ਸਰਦਾਰ ਸਿੰਘ,
ਵਾਸੀ #255 ਸੈਕਟਰ, 35-ਏ, ਚੰਡੀਗੜ੍ਹ। -------ਸ਼ਿਕਾਇਤਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ,
ਦਫਤਰ ਸੀਨੀਅਰ ਕਪਤਾਨ, ਪੁਲਿਸ, ਸੰਗਰੂਰ। -------ਉੱਤਰਦਾਤਾ

**ਸ਼ਿਕਾਇਤ ਕੇਸ ਨੰ: 483/2019**

**ਹਾਜ਼ਰ:-**

1) ਸ਼੍ਰੀ ਗਰਮੁੱਖ ਸਿੰਘ, ਅਪੀਲਕਰਤਾ।
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ਼੍ਰੀ ਅਜੈਬ ਸਿੰਘ, ਏ.ਐਸ.ਆਈ. (80545-45411)।

**ਹੁਕਮ:**

ਸ਼ਿਕਾਇਤਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇਕ ਬਿਨੈ ਪੱਤਰ ਮਿਤੀ 06-10-2018, ਲੋਕ ਸੂਚਨਾ ਅਧਿਕਾਰੀ ਦਫਤਰ ਸੀਨੀਅਰ ਕਪਤਾਨ, ਪੁਲਿਸ, ਸੰਗਰੂਰ ਨੂੰ ਪੇਸ਼ ਕੀਤਾ ਸੀ ਜਿਸ ਰਾਹੀਂ ਉਸ ਨੇ ਐਫ.ਆਈ.ਆਰ. ਨੂੰ ਕੈਂਸਿਲ ਕਰਾਉਣ ਲਈ ਸ਼੍ਰੀ ਅਭੈ ਕੁਮਾਰ ਵੱਲੋਂ ਮਿਤੀ 25-04-2014 ਨੂੰ ਪੇਸ਼ ਕੀਤੀ ਗਈ ਅਰਜ਼ੀ ਵਿਰੁੱਧ ਡੀ.ਏ. ਅਤੇ ਡੀ.ਡੀ.ਏ ਦੀ ਰਿਪੋਰਟ ਆਦਿ ਨਾਲ ਸਬੰਧਤ 04 ਨੁਕਤਿਆਂ ਬਾਰੇ ਸੂਚਨਾ ਦੀ ਮੰਗ ਕੀਤੀ ਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 28-05-2019 ਨੂੰ ਕਮਿਸ਼ਨ ਕੋਲ ਸ਼ਿਕਾਇਤ ਦਾਇਰ ਕੀਤੀ ਸੀ ਜਿਸ ਨੂੰ ਪੜਚੋਲਣ ਉਪਰੰਤ ਮਿਤੀ 12-07-2019 ਨੂੰ ਨੋਟਿਸ ਜਾਰੀ ਕਰਕੇ ਇਹ ਕੇਸ ਪਹਿਲੀ ਸੁਣਵਾਈ ਮਿਤੀ 14-08-2019 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

2. ਅੱਜ ਪੇਸ਼ੀ ਸਮੇਂ ਹਾਜ਼ਰ ਸ਼ਿਕਾਇਤਕਰਤਾ ਨੇ ਕਿਹਾ ਕਿ ਉਸ ਨੂੰ ਅਜੇ ਤੱਕ ਕੋਈ ਸੂਚਨਾ ਪ੍ਰਾਪਤ ਨਹੀਂ ਹੋਈ। ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਹਾਜ਼ਰ ਸ਼੍ਰੀ ਅਜੈਬ ਸਿੰਘ, ਏ.ਐਸ.ਆਈ. ਨੇ ਪੱਤਰ ਨੰ:64-ਅਪੀਲ/ਆਰ.ਟੀ.ਆਈ., ਮਿਤੀ 13-08-2019 ਪੇਸ਼ ਕਰਦੇ ਹੋਏ ਕਿਹਾ ਕਿ ਸ਼ਿਕਾਇਤਕਰਤਾ ਵੱਲੋਂ ਮੰਗੀ ਗਈ ਸੂਚਨਾ ਪਹਿਲਾਂ ਹੀ ਉਸ ਨੂੰ ਭੇਜੀ ਜਾ ਚੁੱਕੀ ਹੈ।ਹਾਜ਼ਰ ਉਤਰਦਾਤਾ ਵਲੋਂ ਪੇਸ਼ ਕੀਤਾ ਗਿਆ ਪੱਤਰ ਮਿਸਲ ਤੇ ਰੱਖ ਲਿਆ ਗਿਆ ਹੈ।

3. ਉੱਤਰਦਾਤਾ ਵੱਲੋਂ ਸ਼ਿਕਾਇਤਕਰਤਾ ਦੀ ਆਰ.ਟੀ.ਆਈ., ਮਿਤੀ 06-10-2018 ਜੋ ਕਿ ਉਨ੍ਹਾਂ ਨੂੰ ਮਿਤੀ 24-10-2018 ਨੂੰ ਪ੍ਰਾਪਤ ਹੋਈ, ਦਾ ਜਵਾਬ ਨਿਰਧਾਰਿਤ ਸਮੇਂ ਅੰਦਰ ਮਿਤੀ 20-11-2018 ਨੂੰ ਉਸ ਨੂੰ ਰਜਿਸਟਰਡ ਡਾਕ ਰਾਹੀਂ ਭੇਜ ਦਿੱਤਾ ਗਿਆ ਸੀ। ਇਸ ਤਰ੍ਹਾਂ ਇਹ ਸ਼ਿਕਾਇਤ ਕੇਸ ਵੀ ਨਹੀਂ ਬਣਦਾ। ਸ਼ਿਕਾਇਤਕਰਤਾ ਨੂੰ ਕਮਿਸ਼ਨ ਨੂੰ ਪਹੁੰਚ ਕਰਨ ਤੋਂ ਪਹਿਲਾਂ ਪਹਿਲੀ ਅਪੀਲੀ ਅਥਾਰਟੀ ਕੋਲ ਪਹੁੰਚ ਕਰਨੀ ਚਾਹੀਦੀ ਸੀ। ਉੱਤਰਦਾਤਾ ਦੇ ਜਵਾਬ ਨੂੰ ਕਮਿਸ਼ਨ ਵੱਲੋਂ ਘੋਖਣ ਉਪਰੰਤ ਤਸੱਲੀਬਖਸ਼ ਪਾਇਆ ਗਿਆ ਹੈ।ਇਸ ਕਰਕੇ ਇਸ ਕੇਸ ਵਿੱਚ ਵੀ ਕਿਸੇ ਹੋਰ ਕਾਰਵਾਈ ਦੀ ਲੋੜ ਨਹੀਂ ਹੈ। ਇਸ ਲਈ ਸ਼ਿਕਾਇਤਕਰਤਾ ਵੱਲੋਂ ਕਮਿਸ਼ਨ ਵਿਖੇ ਦਾਇਰ ਕੀਤਾ ਗਿਆ **ਸ਼ਿਕਾਇਤ ਕੇਸ ਦਾਖਲ ਦਫ਼ਤਰ** ਕੀਤਾ ਜਾਂਦਾ ਹੈ।

**(ਨਿਧੱੜਕ ਸਿੰਘ ਬਰਾੜ)**
**ਮਿਤੀ: ਚੰਡੀਗੜ੍ਹ, 14 ਅਗਸਤ, 2019.** **ਰਾਜ ਸੂਚਨਾ ਕਮਿਸ਼ਨਰ, ਪੰਜਾਬ।**

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ਼੍ਰੀ ਓਮ ਪ੍ਰਕਾਸ਼ ਬਾਂਸਲ,
ਵਾਸੀ ਫਲੈਟ ਨੰ:17 ਪਹਿਲੀ ਮੰਜਿਲ,
ਐਚ.ਆਈ.ਜੀ ਫਲੈਟਸ,
ਐੱਸ.ਐੱਸ.ਟੀ. ਨਗਰ, ਪਟਿਆਲਾ। --------ਸ਼ਿਕਾਇਤਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ,
ਦਫਤਰ ਰਜਿਸਟਰਾਰ ਆਫ ਫਰਮਜ ਅਤੇ
ਸੋਸਾਇਟੀਜ਼ ਪੰਜਾਬ, ਚੰਡੀਗੜ੍ਹ। -------ਉੱਤਰਦਾਤਾ

**ਸ਼ਿਕਾਇਤ ਕੇਸ ਨੰ: 494/ 2019**

**ਹਾਜ਼ਰ:-**

1) ਸ਼੍ਰੀ ਓਮ ਪ੍ਰਕਾਸ਼ ਬਾਂਸਲ, ਸ਼ਿਕਾਇਤਕਰਤਾ
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ਼੍ਰੀ ਦਵਿੰਦਰ ਸਿੰਘ, ਸੀਨੀਅਰ ਸਹਾਇਕ (97808-56033)।

**ਹੁਕਮ:**

ਸ਼ਿਕਾਇਤਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇਕ ਬਿਨੈ ਪੱਤਰ ਮਿਤੀ 03-04-2019, ਲੋਕ ਸੂਚਨਾ ਅਧਿਕਾਰੀ ਦਫਤਰ ਰਜਿਸਟਰਾਰ ਆਫ ਫਰਮਜ ਅਤੇ ਸੋਸਾਇਟੀਜ਼ ਪੰਜਾਬ, ਚੰਡੀਗੜ੍ਹ ਨੂੰ ਪੇਸ਼ ਕੀਤਾ ਸੀ ਜਿਸ ਰਾਹੀਂ ਉਸ ਨੇ ਆਪਣੀ ਸ਼ਿਕਾਇਤ, ਮਿਤੀ 23-01-2019 ਤੇ ਕੀਤੀ ਗਈ ਕਾਰਵਾਈ ਨਾਲ ਸਬੰਧਤ 06 ਨੁਕਤਿਆਂ ਬਾਰੇ ਸੂਚਨਾ ਦੀ ਮੰਗ ਕੀਤੀ ਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 23-05-2019 ਨੂੰ ਕਮਿਸ਼ਨ ਕੋਲ ਸ਼ਿਕਾਇਤ ਦਾਇਰ ਕੀਤੀ ਸੀ ਜਿਸ ਨੂੰ ਪੜਚੋਲਣ ਉਪਰੰਤ ਮਿਤੀ 12-07-2019 ਨੂੰ ਨੋਟਿਸ ਜਾਰੀ ਕਰਕੇ ਇਹ ਕੇਸ ਪਹਿਲੀ ਸੁਣਵਾਈ ਮਿਤੀ 14-08-2019 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

2. ਅੱਜ ਪੇਸ਼ੀ ਸਮੇਂ ਹਾਜ਼ਰ ਸ਼ਿਕਾਇਤਕਰਤਾ ਨੇ ਕਿਹਾ ਕਿ ਉਸ ਨੂੰ ਅਜੇ ਤੱਕ ਕੋਈ ਸੂਚਨਾ ਪ੍ਰਾਪਤ ਨਹੀਂ ਹੋਈ। ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਹਾਜ਼ਰ ਸ਼੍ਰੀ ਦਵਿੰਦਰ ਸਿੰਘ, ਸੀਨੀਅਰ ਸਹਾਇਕ ਨੇ ਪੱਤਰ ਮਿਤੀ 14-08-2019 ਪੇਸ਼ ਕਰਦੇ ਹੋਏ ਕਿਹਾ ਕਿ ਇਸ ਕੇਸ ਨਾਲ ਸਬੰਧਤ ਡੀਲਿੰਗ ਕਰਮਚਾਰੀ ਕਿਸੇ ਹੋਰ ਕੇਸ ਦੇ ਸਬੰਧ ਵਿੱਚ ਮੁਹਾਲੀ ਦੀ ਅਦਾਲਤ ਵਿਖੇ ਕੇਸ ਅਟੈਂਡ ਕਰਨ ਲਈ ਗਿਆ ਹੋਇਆ ਹੈ। ਇਸ ਲਈ ਹਾਜ਼ਰ ਉੱਤਰਦਾਤਾ ਵੱਲੋ ਪੇਸ਼ੀ ਲਈ ਅਗਲੀ ਮਿਤੀ ਦੀ ਮੰਗ ਕੀਤੀ ਗਈ ਹੈ।ਹਾਜ਼ਰ ਉੱਤਰਦਾਤਾ ਵੱਲੋਂ ਪੇਸ਼ ਕੀਤਾ ਗਿਆ ਪੱਤਰ ਮਿਸਲ ਤੇ ਰੱਖ ਲਿਆ ਗਿਆ ਹੈ।

3. ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਸ਼ਿਕਾਇਤਕਰਤਾ ਦੀ ਆਰ.ਟੀ.ਆਈ. ਅਰਜ਼ੀ ਅਨੁਸਾਰ, ਆਰ.ਟੀ. ਆਈ. ਐਕਟ, 2005 ਤਹਿਤ ਬਣਦੀ ਸੂਚਨਾ ਰਜਿਸਟਰਡ ਡਾਕ ਰਾਹੀਂ ਉਸ ਨੂੰ ਭੇਜਦੇ ਹੋਏ ਕਮਿਸ਼ਨ ਨੂੰ ਵੀ ਸੂਚਿਤ ਕੀਤਾ ਜਾਵੇ ਅਤੇ ਪੇਸ਼ੀ ਤੇ ਹਾਜ਼ਰੀ ਵੀ ਯਕੀਨੀ ਬਣਾਈ ਜਾਵੇ। ਇਸ ਹਦਾਇਤ ਦੇ ਨਾਲ ਇਹ ਕੇਸ **ਅਗਲੀ ਸੁਣਵਾਈ ਮਿਤੀ 02-09-2019 ਨੂੰ ਸਵੇਰੇ 11-30 ਵਜੇ ਲਈ ਨਿਸਚਿਤ** ਕੀਤਾ ਜਾਂਦਾ ਹੈ।

**(ਨਿਧੱੜਕ ਸਿੰਘ ਬਰਾੜ)**
**ਮਿਤੀ: ਚੰਡੀਗੜ੍ਹ, 14 ਅਗਸਤ, 2019.** **ਰਾਜ ਸੂਚਨਾ ਕਮਿਸ਼ਨਰ, ਪੰਜਾਬ।**

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਮਿਸ. ਚਸ਼ਮਿੰਦਰ ਕੌਰ, (96466-00131)
ਪੁੱਤਰੀ ਸ਼੍ਰੀ ਗੁਰਵਿੰਦਰ ਸਿੰਘ,
#825, ਆਨੰਦ ਨਗਰ-ਏ,
ਪਟਿਆਲਾ। -------ਸ਼ਿਕਾਇਤਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ,
ਦਫਤਰ ਪ੍ਰਿੰਸੀਪਲ,
ਸਰਕਾਰੀ ਮਹਿੰਦਰਾ ਕਾਲਿਜ, ਪਟਿਆਲਾ। -------ਉੱਤਰਦਾਤਾ

**ਸ਼ਿਕਾਇਤ ਕੇਸ ਨੰ: 500/2019**

**ਹਾਜ਼ਰ:-**

1) ਸ਼ਿਕਾਇਤਕਰਤਾ ਵੱਲੋਂ ਕੋਈ ਵੀ ਨਹੀਂ।
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ਼੍ਰੀ ਹਰਬੰਸ ਸਿੰਘ, ਐਸੋਸੀਏਟ ਪ੍ਰੋਫੈਸਰ (94175-00776) ਅਤੇ ਸ਼੍ਰੀਮਤੀ ਤ੍ਰਿਪਤੀ ਸ਼ਰਮਾ, ਐਸੋਸੀਏਟ ਪ੍ਰੋਫੈਸਰ (98881-96528)।

**ਹੁਕਮ:**

ਸ਼ਿਕਾਇਤਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇਕ ਬਿਨੈ ਪੱਤਰ ਮਿਤੀ 03-04-2019, ਲੋਕ ਸੂਚਨਾ ਅਧਿਕਾਰੀ ਦਫਤਰ ਪ੍ਰਿੰਸੀਪਲ, ਸਰਕਾਰੀ ਮਹਿੰਦਰਾ ਕਾਲਿਜ, ਪਟਿਆਲਾ ਨੂੰ ਪੇਸ਼ ਕੀਤਾ ਸੀ ਜਿਸ ਰਾਹੀਂ ਉਸ ਨੇ ਸਰਕਾਰੀ ਮਹਿੰਦਰਾ ਕਾਲਿਜ, ਪਟਿਆਲਾ ਤੋਂ ਸਾਲ 2015-16, 2016-17 ਅਤੇ 2017-18 ਦੌਰਾਨ ਕੀਤੀ ਮੈਡੀਕਲ ਦੀ ਪ੍ਰੀਖਿਆ ਦੇ ਸਿਮੈਸਟਰ I, II, III, IV, V ਅਤੇ VI ਨਾਲ ਸਬੰਧਤ ਸੂਚਨਾ ਦੀ ਮੰਗ ਕੀਤੀ ਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 27-05-2019 ਨੂੰ ਕਮਿਸ਼ਨ ਕੋਲ ਸ਼ਿਕਾਇਤ ਦਾਇਰ ਕੀਤੀ ਸੀ ਜਿਸ ਨੂੰ ਪੜਚੋਲਣ ਉਪਰੰਤ ਮਿਤੀ 12-07-2019 ਨੂੰ ਨੋਟਿਸ ਜਾਰੀ ਕਰਕੇ ਇਹ ਕੇਸ ਪਹਿਲੀ ਸੁਣਵਾਈ ਮਿਤੀ 14-08-2019 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

2. ਸ਼ਿਕਾਇਤਕਰਤਾ ਅੱਜ ਹਾਜ਼ਰ ਨਹੀਂ ਹੋਈ ਅਤੇ ਨਾ ਹੀ ਉਸ ਵੱਲੋਂ ਅੱਜ ਪੇਸ਼ੀ ਤੇ ਹਾਜ਼ਰ ਨਾ ਹੋਣ ਬਾਰੇ ਕਮਿਸ਼ਨ ਨੂੰ ਕੋਈ ਸੂਚਨਾ ਹੀ ਭੇਜੀ ਗਈ ਹੈ। ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਹਾਜ਼ਰ ਸ਼੍ਰੀ ਹਰਬੰਸ ਸਿੰਘ, ਐਸੋਸੀਏਟ ਪ੍ਰੋਫੈਸਰ ਅਤੇ ਸ਼੍ਰੀਮਤੀ ਤ੍ਰਿਪਤੀ ਸ਼ਰਮਾ, ਐਸੋਸੀਏਟ ਪ੍ਰੋਫੈਸਰ ਨੇ ਪੱਤਰ ਨੰ:4314., ਮਿਤੀ 15-05-2019 ਜ਼ੋ ਕਿ ਸ਼ਿਕਾਇਤਕਰਤਾ ਨੂੰ ਸੰਬੋਧਿਤ ਕੀਤਾ ਗਿਆ ਹੈ ਪੇਸ਼ ਕਰਦੇ ਹੋਏ ਕਿਹਾ ਕਿ ਸ਼ਿਕਾਇਤਕਰਤਾ ਦੀ ਆਰ.ਟੀ.ਆਈ., ਮਿਤੀ 03-04-2019 ਜੋ ਕਿ ਉਨ੍ਹਾਂ ਨੂੰ ਮਿਤੀ 16-04-2019 ਨੂੰ ਪ੍ਰਾਪਤ ਹੋਈ ਸੀ, ਬਾਰੇ ਸੂਚਨਾ ਪਹਿਲਾਂ ਹੀ ਪੱਤਰ ਨੰ:4171, ਮਿਤੀ 01-05-2019 ਅਤੇ ਪੱਤਰ ਮਿਤੀ 15-05-2019 ਰਾਹੀਂ ਉਸ ਨੂੰ ਭੇਜੀ ਜਾ ਚੁੱਕੀ ਹੈ।ਹਾਜ਼ਰ ਉਤਰਦਾਤਾ ਵਲੋਂ ਪੇਸ਼ ਕੀਤਾ ਗਿਆ ਪੱਤਰ ਮਿਸਲ ਤੇ ਰੱਖ ਲਿਆ ਗਿਆ ਹੈ।

3. ਉੱਤਰਦਾਤਾ ਵੱਲੋਂ ਸ਼ਿਕਾਇਤਕਰਤਾ ਦੀ ਆਰ.ਟੀ.ਆਈ., ਮਿਤੀ 03-04-2019 ਜੋ ਕਿ ਉਨ੍ਹਾਂ ਨੂੰ ਮਿਤੀ 16-04-2019 ਨੂੰ ਪ੍ਰਾਪਤ ਹੋਈ, ਦਾ ਜਵਾਬ ਨਿਰਧਾਰਿਤ ਸਮੇਂ ਅੰਦਰ ਮਿਤੀ 01-05-2019 ਅਤੇ ਮਿਤੀ 15-05-2019 ਨੂੰ ਉਸ ਨੂੰ ਰਜਿਸਟਰਡ ਡਾਕ ਰਾਹੀਂ ਭੇਜ ਦਿੱਤਾ ਗਿਆ ਸੀ। ਇਸ ਤਰ੍ਹਾਂ ਇਹ ਸ਼ਿਕਾਇਤ ਕੇਸ ਵੀ ਨਹੀਂ ਬਣਦਾ। ਸ਼ਿਕਾਇਤਕਰਤਾ ਨੂੰ ਕਮਿਸ਼ਨ ਨੂੰ ਪਹੁੰਚ ਕਰਨ ਤੋਂ ਪਹਿਲਾਂ ਪਹਿਲੀ ਅਪੀਲੀ ਅਥਾਰਟੀ ਕੋਲ ਪਹੁੰਚ ਕਰਨੀ ਚਾਹੀਦੀ ਸੀ। ਉੱਤਰਦਾਤਾ ਦੇ ਜਵਾਬ ਨੂੰ ਕਮਿਸ਼ਨ ਵੱਲੋਂ ਘੋਖਣ ਉਪਰੰਤ ਤਸੱਲੀਬਖਸ਼ ਪਾਇਆ ਗਿਆ ਹੈ।ਇਸ ਕਰਕੇ ਇੰਸ ਕੇਸ ਵਿੱਚ ਵੀ ਕਿਸੇ ਹੋਰ ਕਾਰਵਾਈ ਦੀ ਲੋੜ ਨਹੀਂ ਹੈ। ਇਸ ਲਈ ਸ਼ਿਕਾਇਤਕਰਤਾ ਵੱਲੋਂ ਕਮਿਸ਼ਨ ਵਿਖੇ ਦਾਇਰ ਕੀਤਾ ਗਿਆ **ਸ਼ਿਕਾਇਤ ਕੇਸ ਦਾਖਲ ਦਫ਼ਤਰ** ਕੀਤਾ ਜਾਂਦਾ ਹੈ।

**(ਨਿਧੱੜਕ ਸਿੰਘ ਬਰਾੜ)**

**ਮਿਤੀ: ਚੰਡੀਗੜ੍ਹ, 14 ਅਗਸਤ, 2019.** **ਰਾਜ ਸੂਚਨਾ ਕਮਿਸ਼ਨਰ, ਪੰਜਾਬ।**

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ਼੍ਰੀ ਰਾਜਿੰਦਰ ਪਾਲ ਸਿੰਘ, (97790-48083)
ਹੈੱਡ ਆਫਿਸ ਐਂਟੀ ਕੁਰੱਪਸ਼ਨ ਵਿੰਗ ਪੰਜਾਬ,
31-ਜੇ, ਸਰਾਭਾ ਨਗਰ, ਲੁਧਿਆਣਾ। -------ਅਪੀਲਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ,
ਦਫਤਰ ਬਲਾਕ ਵਿਕਾਸ ਤੇ ਪੰਚਾਇਤ ਅਫਸਰ,
ਬਲਾਕ-1, ਕੈਂਪ ਐਟ ਪੰਜਾਬ ਐਗਰੀਕਲਚਰ ਯੂਨੀਵਰਸਿਟੀ,
ਲੁਧਿਆਣਾ।

ਪਹਿਲੀ ਅਪੀਲੀ ਅਥਾਰਟੀ,
ਦਫਤਰ ਬਲਾਕ ਵਿਕਾਸ ਤੇ ਪੰਚਾਇਤ ਅਫਸਰ,
ਬਲਾਕ ਲੁਧਿਆਣਾ-1, ਲੁਧਿਆਣਾ 1 --------ਉੱਤਰਦਾਤਾ

**ਅਪੀਲ ਕੇਸ ਨੰ:1909/2019**

**ਹਾਜ਼ਰ:-** 1) ਅਪੀਲਕਰਤਾ ਵੱਲੋਂ ਕੋਈ ਵੀ ਨਹੀਂ।
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ਼੍ਰੀ ਪਰਵਿੰਦਰ ਸਿੰਘ, ਗ੍ਰਾਮ ਰੋਜ਼ਗਾਰ ਸੇਵਕ (88472-800500) ।

**ਹੁਕਮ:**

ਅਪੀਲਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇਕ ਬਿਨੈ ਪੱਤਰ ਮਿਤੀ 28-01-2019, ਲੋਕ ਸੂਚਨਾ ਅਧਿਕਾਰੀ ਦਫਤਰ ਬਲਾਕ ਵਿਕਾਸ ਤੇ ਪੰਚਾਇਤ ਅਫਸਰ, ਬਲਾਕ-1, ਕੈਂਪ ਐਟ ਪੰਜਾਬ ਐਗਰੀਕਲਚਰ ਯੂਨੀਵਰਸਿਟੀ, ਲੁਧਿਆਣਾ ਨੂੰ ਪੇਸ਼ ਕੀਤਾ ਸੀ ਜਿਸ ਰਾਹੀਂ ਉਸ ਨੇ ਸਾਲ 2019 ਵਿੱਚ ਬਣੀਆਂ ਗ੍ਰਾਮ ਪੰਚਾਇਤ ਦਸਮੇਸ਼ ਨਗਰ (ਇਆਲੀ ਖੁਰਦ) ਅਤੇ ਗ੍ਰਾਮ ਪੰਚਾਇਤ, ਇਆਲੀ ਖੁਰਦ ਦੇ ਰਿਕਾਰਡ ਆਦਿ ਨਾਲ ਸਬੰਧਤ 07 ਨੁਕਤਿਆਂ ਬਾਰੇ ਸੂਚਨਾ ਦੀ ਮੰਗ ਕੀਤੀ ਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 07-03-2019 ਨੂੰ ਪਹਿਲੀ ਅਪੀਲੀ ਅਥਾਰਟੀ ਕੋਲ ਅਪੀਲ ਦਾਇਰ ਕੀਤੀ ਸੀ। ਉਸ ਉਪਰੰਤ ਉਸ ਨੇ ਮਿਤੀ 22-05-2019 ਨੂੰ ਕਮਿਸ਼ਨ ਕੋਲ ਦੂਜੀ ਅਪੀਲ ਦਾਇਰ ਕੀਤੀ ਸੀ ਜਿਸ ਨੂੰ ਪੜਚੋਲਣ ਉਪਰੰਤ ਮਿਤੀ 12-07-2019 ਨੂੰ ਨੋਟਿਸ ਜਾਰੀ ਕਰਕੇ ਇਹ ਕੇਸ ਪਹਿਲੀ ਸੁਣਵਾਈ ਮਿਤੀ 14-08-2019 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

2. ਅਪੀਲਕਰਤਾ ਅੱਜ ਹਾਜ਼ਰ ਨਹੀਂ ਹੋਇਆ ਅਤੇ ਨਾ ਹੀ ਉਸ ਵੱਲੋਂ ਅੱਜ ਪੇਸ਼ੀ ਤੇ ਹਾਜ਼ਰ ਨਾ ਹੋਣ ਬਾਰੇ ਕਮਿਸ਼ਨ ਨੂੰ ਕੋਈ ਸੂਚਨਾ ਹੀ ਭੇਜੀ ਗਈ ਹੈ। ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਹਾਜ਼ਰ ਸ਼੍ਰੀ ਪਰਵਿੰਦਰ ਸਿੰਘ, ਗ੍ਰਾਮ ਰੋਜ਼ਗਾਰ ਸੇਵਕ ਨੇ ਸ਼੍ਰੀ ਪਰਵਿੰਦਰ ਸਿੰਘ, ਗ੍ਰਾਮ ਰੋਜ਼ਗਾਰ ਸੇਵਕ ਨੇ ਪੱਤਰ ਨੰ:2758/ਸੁਪਰਡੰਟ, ਮਿਤੀ 13-08-2019 ਜਿਸ ਦਾ ਇੱਕ ਉਤਾਰਾ ਅਪੀਲਕਰਤਾ ਨੂੰ ਵੀ ਭੇਜਿਆ ਹੋਇਆ ਹੈ, ਪੇਸ਼ ਕਰਦੇ ਹੋਏ ਕਿਹਾ ਕਿ ਉਨ੍ਹਾਂ ਵੱਲੋ ਉਨ੍ਹਾਂ ਦੇ ਪੱਤਰ ਨੰ:2358/, ਮਿਤੀ 18-07-2019 ਰਾਹੀਂ ਸੂਚਨਾ ਪਹਿਲਾਂ ਹੀ ਅਪੀਲਕਰਤਾ ਨੂੰ ਭੇਜੀ ਜਾ ਚੁੱਕੀ ਹੈ। ਇਸ ਸਬੰਧ ਵਿੱਚ ਉਸ ਵੱਲੋਂ ਅਪੀਲਕਰਤਾ ਦੇ ਪੱਤਰ ਮਿਤੀ 06-08-2019 ਦੀ ਕਾਪੀ ਵੀ ਪੇਸ਼ ਕੀਤੀ ਹੈ ਜਿਸ ਅਨੁਸਾਰ ਅਪੀਲਕਰਤਾ ਨੇ ਮੰਨਿਆ ਹੈ ਕਿ ਉਸ ਨੂੰ ਸੂਚਨਾ ਮਿਲ ਗਈ ਹੈ ਅਤੇ ਕੇਸ ਬੰਦ ਕਰਨ ਬਾਰੇ ਵੀ ਕਿਹਾ ਗਿਆ ਹੈ। ਹਾਜ਼ਰ ਉਤਰਦਾਤਾ ਵਲੋਂ ਪੇਸ਼ ਕੀਤਾ ਗਿਆ ਪੱਤਰ ਮਿਸਲ ਤੇ ਰੱਖ ਲਿਆ ਗਿਆ ਹੈ।

3. ਉਕਤ ਪੈਰ੍ਹਾ 2 ਵਿੱਚ ਦਰਸਾਈ ਗਈ ਸਥਿਤੀ ਦੇ ਸਨਮੁੱਖ ਇਸ ਕੇਸ ਵਿੱਚ ਵੀ ਕਿਸੇ ਹੋਰ ਕਾਰਵਾਈ ਦੀ ਲੋੜ ਨਹੀਂ ਹੈ। ਇਸ ਲਈ ਅਪੀਲਕਰਤਾ ਵੱਲੋਂ ਕਮਿਸ਼ਨ ਵਿਖੇ ਦਾਇਰ ਕੀਤਾ ਗਿਆ **ਅਪੀਲ ਕੇਸ ਦਾਖਲ ਦਫ਼ਤਰ** ਕੀਤਾ ਜਾਂਦਾ ਹੈ।

(ਨਿਧੱੜਕ ਸਿੰਘ ਬਰਾੜ)
**ਮਿਤੀ: ਚੰਡੀਗੜ੍ਹ, 14 ਅਗਸਤ, 2019.** **ਰਾਜ ਸੂਚਨਾ ਕਮਿਸ਼ਨਰ, ਪੰਜਾਬ।**

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ਼੍ਰੀਮਤੀ ਸ਼ੀਲਾ ਰਾਣੀ, (8699174192)
ਪਤਨੀ ਸ਼੍ਰੀ ਰਾਧੇ ਸ਼ਿਆਮ,
ਵਾਸੀ ਖਲੀਫਾ ਗਲੀ, ਸੰਗਰੂਰ। -------ਅਪੀਲਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ,
ਦਫਤਰ ਸੀਨੀਅਰ ਕਪਤਾਨ, ਪੁਲਿਸ,
ਸੰਗਰੂਰ।

ਪਹਿਲੀ ਅਪੀਲੀ ਅਥਾਰਟੀ,
ਦਫਤਰ ਇੰਸਪੈਕਟਰ ਜਨਰਲ, ਪੁਲਿਸ,
ਪਟਿਆਲਾ ਰੇਂਜ, ਪਟਿਆਲਾ। -------ਉੱਤਰਦਾਤਾ

**ਅਪੀਲ ਕੇਸ ਨੰ:1399/2019**

**ਹਾਜ਼ਰ:-**

1) ਅਪੀਲਕਰਤਾ ਵੱਲੋਂ ਕੋਈ ਵੀ ਨਹੀਂ।
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ਼੍ਰੀ ਅਜੈਬ ਸਿੰਘ, ਏ.ਐਸ.ਆਈ. (80545-45411)।

**ਹੁਕਮ:**

ਪਿਛਲੀ ਪੇਸ਼ੀ, ਮਿਤੀ 14-08-2019 ਤੇ ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਹਾਜ਼ਰ, ਸ਼੍ਰੀ ਅਜੈਬ ਸਿੰਘ, ਏ.ਐਸ.ਆਈ. ਨੇ ਪੱਤਰ ਨੰ:54-ਅਪੀਲ, ਮਿਤੀ 16-07-2019 ਪੇਸ਼ ਕਰਦੇ ਹੋਏ ਕਿਹਾ ਸੀ ਕਿ ਅਪੀਲਕਰਤਾ ਨੂੰ ਸੂਚਨਾ ਦਿੱਤੀ ਜਾ ਚੁੱਕੀ ਹੈ। ਹਾਜ਼ਰ ਉੱਤਰਦਾਤਾ ਵੱਲੋਂ ਪੇਸ਼ ਕੀਤਾ ਗਿਆ ਪੱਤਰ ਮਿਸਲ ਤੇ ਰੱਖ ਲਿਆ ਗਿਆ ਹੈ।ਹਾਜ਼ਰ ਉੱਤਰਦਾਤਾ ਵੱਲੋਂ ਪੇਸ਼ ਕੀਤੇ ਗਏ ਉੱਤਰ ਨੂੰ ਵਾਚਣ ਤੇ ਇਹ ਪਾਇਆ ਗਿਆ ਸੀ ਕਿ ਉਹ ਉੱਤਰ ਸਹੀ ਨਹੀਂ ਸੀ। ਇਸ ਬਾਰੇ ਹਾਜ਼ਰ ਉੱਤਰਦਾਤਾ ਨੂੰ ਸਮਝਾ ਦਿੱਤਾ ਗਿਆ ਸੀ।ਇਸ ਲਈ ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਨੂੰ ਹਦਾਇਤ ਕੀਤੀ ਗਈ ਸੀ ਕਿ ਅਪੀਲਕਰਤਾ ਨੂੰ ਨੁਕਤਾਵਾਰ ਵਿਸਥਾਰ-ਪੂਰਵਕ ਜਵਾਬ ਭੇਜਦੇ ਹੋਏ ਕਮਿਸ਼ਨ ਨੂੰ ਵੀ ਸੂਚਿਤ ਕੀਤਾ ਜਾਵੇ। ਅਪੀਲਕਰਤਾ ਹਾਜ਼ਰ ਨਹੀਂ ਹੋਈ ਸੀ ਅਤੇ ਨਾ ਹੀ ਉਸ ਵੱਲੋਂ ਹਾਜ਼ਰ ਨਾ ਹੋਣ ਬਾਰੇ ਕਮਿਸ਼ਨ ਨੂੰ ਕੋਈ ਸੂਚਨਾ ਹੀ ਭੇਜੀ ਗਈ ਸੀ।ਫਿਰ ਵੀ ਅਪੀਲਕਰਤਾ ਨੂੰ ਹਦਾਇਤ ਕੀਤੀ ਗਈ ਸੀ ਕਿ ਜੇਕਰ ਉਸ ਨੂੰ ਸੂਚਨਾ ਪ੍ਰਾਪਤ ਹੋਣ ਤੇ ਸੂਚਨਾ ਵਿੱਚ ਕੋਈ ਤਰੁੱਟੀਆਂ ਪਾਈਆਂ ਜਾਣ ਤਾਂ ਉਨ੍ਹਾਂ ਬਾਰੇ ਲਿਖਤੀ ਰੂਪ ਵਿੱਚ ਲੋਕ ਸੂਚਨਾ ਅਧਿਕਾਰੀ ਨੂੰ ਸਿੱਧੇ ਤੌਰ ਤੇ ਸੂਚਿਤ ਕੀਤਾ ਜਾਵੇ। ਇਸ ਹਦਾਇਤ ਦੇ ਨਾਲ ਇਹ ਕੇਸ ਅਗਲੀ ਸੁਣਵਾਈ ਮਿਤੀ 14-08-2019 ਨੂੰ ਸਵੇਰੇ 11-30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

2. ਅੱਜ ਫਿਰ ਅਪੀਲਕਰਤਾ ਹਾਜ਼ਰ ਨਹੀਂ ਹੋਈ ਅਤੇ ਨਾ ਹੀ ਉਸ ਵੱਲੋਂ ਅੱਜ ਹਾਜ਼ਰ ਨਾ ਹੋਣ ਬਾਰੇ ਕਮਿਸ਼ਨ ਨੂੰ ਕੋਈ ਸੂਚਨਾ ਹੀ ਭੇਜੀ ਗਈ ਹੈ। ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਹਾਜ਼ਰ, ਸ਼੍ਰੀ ਅਜੈਬ ਸਿੰਘ, ਏ.ਐਸ.ਆਈ. ਨੇ ਪੱਤਰ ਨੰ:54-ਅਪੀਲ, ਮਿਤੀ 13-08-2019 ਰਾਹੀਂ ਆਪਣਾ ਜਵਾਬ ਪੇਸ਼ ਕੀਤਾ ਜੋ ਕਿ ਵਾਚਣ ਤੇ ਸਹੀ ਨਹੀਂ ਪਾਇਆ ਗਿਆ ਹੈ।ਹਾਜ਼ਰ ਉੱਤਰਦਾਤਾ ਵੱਲੋਂ ਪੇਸ਼ ਕੀਤਾ ਗਿਆ ਪੱਤਰ ਮਿਸਲ ਤੇ ਰੱਖ ਲਿਆ ਗਿਆ ਹੈ।

3. ਹਾਜ਼ਰ ਉੱਤਰਦਾਤਾ ਨੂੰ ਜਦੋਂ ਕਮਿਸ਼ਨ ਦੇ ਹੁਕਮ, ਮਿਤੀ 17-07-2019 ਦੀ ਪਾਲਣਾ ਹਿੱਤ ਅਪੀਲਕਰਤਾ ਨੂੰ ਨੁਕਤਾਵਾਰ ਵਿਸਥਾਰ-ਪੂਰਵਕ ਜਵਾਬ ਭੇਜਣ ਬਾਰੇ ਪੁੱਛਿਆ ਗਿਆ ਤਾਂ ਉਹ ਕੋਈ ਸਪੱਸ਼ਟ ਜਵਾਬ ਨਹੀਂ ਦੇ ਸਕਿਆ ਜਿਸ ਦਾ ਕਮਿਸ਼ਨ ਨੇ ਗੰਭੀਰ ਨੋਟਿਸ ਲਿਆ ਹੈ। ਇਸ ਲਈ ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਨੂੰ ਮੁੜ ਸਖਤ ਹਦਾਇਤ ਕੀਤੀ ਜਾਂਦੀ ਹੈ ਕਿ ਅਪੀਲਕਰਤਾ ਨੂੰ ਨੁਕਤਾਵਾਰ ਵਿਸਥਾਰ-ਪੂਰਵਕ ਜਵਾਬ ਭੇਜਦੇ ਹੋਏ ਕਮਿਸ਼ਨ ਨੂੰ ਵੀ ਸੂਚਿਤ ਕੀਤਾ ਜਾਵੇ। ਅਪੀਲਕਰਤਾ ਅੱਜ ਹਾਜ਼ਰ ਨਹੀਂ ਹੋਈ ਅਤੇ ਨਾ ਹੀ ਉਸ ਵੱਲੋਂ ਅੱਜ ਹਾਜ਼ਰ ਨਾ ਹੋਣ ਬਾਰੇ ਕਮਿਸ਼ਨ ਨੂੰ ਕੋਈ ਸੂਚਨਾ ਹੀ ਭੇਜੀ ਗਈ ਹੈ। ਫਿਰ ਵੀ ਅਪੀਲਕਰਤਾ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਜੇਕਰ ਉਸ ਨੂੰ ਸੂਚਨਾ ਪ੍ਰਾਪਤ ਹੋਣ ਤੇ ਸੂਚਨਾ ਵਿੱਚ ਕੋਈ ਤਰੁੱਟੀਆਂ ਪਾਈਆਂ ਜਾਣ ਤਾਂ ਉਨ੍ਹਾਂ ਬਾਰੇ ਲਿਖਤੀ ਰੂਪ ਵਿੱਚ ਲੋਕ ਸੂਚਨਾ ਅਧਿਕਾਰੀ ਨੂੰ ਸਿੱਧੇ ਤੌਰ ਤੇ ਸੂਚਿਤ ਕੀਤਾ ਜਾਵੇ। ਇਸ ਹਦਾਇਤ ਦੇ ਨਾਲ ਇਹ ਕੇਸ **ਅਗਲੀ ਸੁਣਵਾਈ ਮਿਤੀ 19-08-2019 ਨੂੰ ਸਵੇਰੇ 11-30 ਵਜੇ ਲਈ ਨਿਸਚਿਤ** ਕੀਤਾ ਜਾਂਦਾ ਹੈ।

**(ਨਿਧੱੜਕ ਸਿੰਘ ਬਰਾੜ)**
**ਮਿਤੀ: ਚੰਡੀਗੜ੍ਹ**, 14 **ਅਗਸਤ**, 2019. **ਰਾਜ ਸੂਚਨਾ ਕਮਿਸ਼ਨਰ, ਪੰਜਾਬ।**

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ਼੍ਰੀ ਤੇਜਿੰਦਰ ਸਿੰਘ ਬਾਵਾ, (97816-00911)
ਮਾਰਫ਼ਤ ਕਰਨਲ ਗੁਰਲਾਬ ਸਿੰਘ,
ਮਕਾਨ ਨੰ: 226, ਵਾਰਡ ਨੰ:6, ਪ੍ਰੀਤ ਨਗਰ,
ਸਰਹਿੰਦ, ਜ਼ਿਲ੍ਹਾ ਫਤਿਹਗੜ੍ਹ ਸਾਹਿਬ। --------ਅਪੀਲਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ,
ਦਫਤਰ ਸਹਾਇਕ ਰਜਿਸਟਰਾਰ,
ਸ਼੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ,
ਫਤਿਹਗੜ੍ਹ ਸਾਹਿਬ।

ਪਹਿਲੀ ਅਪੀਲੀ ਅਥਾਰਟੀ,
ਦਫਤਰ ਰਜਿਸਟਰਾਰ,
ਸ਼੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ,
ਫਤਿਹਗੜ੍ਹ ਸਾਹਿਬ। --------ਉੱਤਰਦਾਤਾ

**ਅਪੀਲ ਕੇਸ ਨੰ:1402 /2019**

**ਹਾਜ਼ਰ:-**

1) ਸ਼੍ਰੀ ਤੇਜਿੰਦਰ ਸਿੰਘ ਬਾਵਾ, ਅਪੀਲਕਰਤਾ।
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ਼੍ਰੀ ਰਾਹੁਲ ਧਵਨ, ਲੋਕ ਸੂਚਨਾ ਅਧਿਕਾਰੀ (98766-87702)।

**ਹੁਕਮ:**

ਅਪੀਲਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇਕ ਬਿਨੈ ਪੱਤਰ ਮਿਤੀ 16-11-2018, ਲੋਕ ਸੂਚਨਾ ਅਧਿਕਾਰੀ ਦਫਤਰ ਸਹਾਇਕ ਰਜਿਸਟਰਾਰ, ਸ਼੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ, ਫਤਿਹਗੜ੍ਹ ਸਾਹਿਬ ਨੂੰ ਪੇਸ਼ ਕੀਤਾ ਸੀ ਜਿਸ ਰਾਹੀਂ ਉਸ ਨੇ ਦਫ਼ਤਰੀ ਹੁਕਮ ਨੰ:SGGSWU/Reg/3354, ਮਿਤੀ 16-09-2016 ਅਨੁਸਾਰ ਮਿਤੀ 29-12-2015 ਨੂੰ ਹੋਈ ਮੀਟਿੰਗ ਵਿੱਚ ਯੂਨੀਵਰਸਿਟੀ ਦੀ ਸਿੰਡੀਕੇਟ ਵੱਲੋਂ ਲਏ ਗਏ ਫੈਸਲਿਆਂ ਨਾਲ ਸਬੰਧਤ 07 ਨੁਕਤਿਆਂ ਬਾਰੇ ਸੂਚਨਾ ਦੀ ਮੰਗ ਕੀਤੀ ਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 05-01-2019 ਨੂੰ ਪਹਿਲੀ ਅਪੀਲੀ ਅਥਾਰਟੀ ਕੋਲ ਅਪੀਲ ਦਾਇਰ ਕੀਤੀ ਸੀ। ਉਸ ਉਪਰੰਤ ਉਸ ਨੇ ਮਿਤੀ 15-04-2019 ਨੂੰ ਕਮਿਸ਼ਨ ਕੋਲ ਦੂਜੀ ਅਪੀਲ ਦਾਇਰ ਕੀਤੀ ਸੀ ਜਿਸ ਨੂੰ ਪੜਚੋਲਣ ਉਪਰੰਤ ਮਿਤੀ 18-06-2019 ਨੂੰ ਨੋਟਿਸ ਜਾਰੀ ਕਰਕੇ ਇਹ ਕੇਸ ਪਹਿਲੀ ਸੁਣਵਾਈ ਮਿਤੀ 17-07-2019 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

2. ਅੱਜ ਪੇਸ਼ੀ ਸਮੇਂ ਦੋਵਾਂ ਧਿਰਾਂ ਨੂੰ ਸੁਣਿਆ ਗਿਆ। ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਹਾਜ਼ਰ, ਸ਼੍ਰੀ ਰਾਹੁਲ ਧਵਨ, ਲੋਕ ਸੂਚਨਾ ਅਧਿਕਾਰੀ ਨੇ ਪੱਤਰ ਨੰ:231/ਆਰ.ਟੀ.ਆਈ., ਮਿਤੀ 12-08-2019 ਜੋ ਕਿ ਅਪੀਲਕਰਤਾ ਨੂੰ ਸੰਬੋਧਿਤ ਹੈ, ਪੇਸ਼ ਕਰਦੇ ਹੋਏ ਕਿਹਾ ਕਿ ਅਪੀਲਕਰਤਾ ਨੂੰ ਪਹਿਲਾਂ ਹੀ ਨੁਕਤਾਵਾਰ ਸੂਚਨਾ ਭੇਜੀ ਜਾ ਚੁੱਕੀ ਹੈ। ਹਾਜ਼ਰ ਉਤਰਦਾਤਾ ਵਲੋਂ ਪੇਸ਼ ਕੀਤਾ ਗਿਆ ਪੱਤਰ ਮਿਸਲ ਤੇ ਰੱਖ ਲਿਆ ਗਿਆ ਹੈ।ਅਪੀਲਕਰਤਾ ਨੇ ਕਿਹਾ ਕਿ ਉਸ ਵੱਲੋਂ ਸੂਚਨਾ ਵਿੱਚ ਪਾਈਆਂ ਗਈਆਂ ਤਰੁੱਟੀਆਂ ਬਾਰੇ ਲੋਕ ਸੂਚਨਾ ਅਧਿਕਾਰੀ ਨੂੰ ਸੂਚਿਤ ਕਰਨ ਦੇ ਬਾਵਜੂਦ ਵੀ ਅਜੇ ਤੱਕ ਮੁਕੰਮਲ ਸੂਚਨਾ ਪ੍ਰਾਪਤ ਨਹੀਂ ਹੋਈ ਅਤੇ ਉਹ ਪ੍ਰਾਪਤ ਸੂਚਨਾ ਤੋਂ ਸੰਤੁਸ਼ਟ ਨਹੀਂ ਹੈ। ਇਸ ਲਈ ਉਸ ਨੇ ਮੁਕੰਮਲ ਸੂਚਨਾ ਮੁਹੱਈਆ ਕਰਾਉਣ ਲਈ ਬੇਨਤੀ ਕੀਤੀ ਹੈ।

3. ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਅਪੀਲਕਰਤਾ ਨੂੰ ਦਿੱਤੀ ਗਈ ਸੂਚਨਾ ਨੂੰ ਅਪੀਲਕਰਤਾ ਦੀ ਆਰ.ਟੀ.ਆਈ. ਅਰਜ਼ੀ ਦੇ ਸਨਮੁੱਖ ਕਮਿਸ਼ਨ ਵੱਲੋਂ ਘੋਖਣ ਉਪਰੰਤ ਤਸੱਲੀਬਖਸ਼ ਪਾਇਆ ਗਿਆ ਹੈ।ਇਸ ਕਰਕੇ ਇਸ ਕੇਸ ਵਿੱਚ ਵੀ ਕਿਸੇ ਹੋਰ ਕਾਰਵਾਈ ਦੀ ਲੋੜ ਨਹੀਂ ਹੈ। ਇਸ ਲਈ ਅਪੀਲਕਰਤਾ ਵੱਲੋਂ ਕਮਿਸ਼ਨ ਵਿਖੇ ਦਾਇਰ ਕੀਤਾ ਗਿਆ **ਅਪੀਲ ਕੇਸ ਦਾਖਲ ਦਫ਼ਤਰ** ਕੀਤਾ ਜਾਂਦਾ ਹੈ।

(ਨਿਧੱੜਕ ਸਿੰਘ ਬਰਾੜ)
**ਮਿਤੀ: ਚੰਡੀਗੜ੍ਹ, 14 ਅਗਸਤ, 2019.** ਰਾਜ ਸੂਚਨਾ ਕਮਿਸ਼ਨਰ, ਪੰਜਾਬ।

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ਼੍ਰੀ ਰਮੇਸ਼ ਕੁਮਾਰ, (98781-09228)
ਮਕਾਨ ਨੰ: 231, ਵੀਰ ਕਲੋਨੀ,
ਬਠਿੰਡਾ-151001. ------ਸ਼ਿਕਾਇਤਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ,
ਦਫਤਰ ਸਕੱਤਰ, ਪੰਜਾਬ ਸਰਕਾਰ,
ਪ੍ਰਸੋਨਲ ਵਿਭਾਗ, ਚੰਡੀਗੜ੍ਹ। ------ਉੱਤਰਦਾਤਾ

**ਸ਼ਿਕਾਇਤ ਕੇਸ ਨੰ:326/2019**

**ਹਾਜ਼ਰ:-** 1) ਸ਼ਿਕਾਇਤਕਰਤਾ ਵੱਲੋਂ ਕੋਈ ਵੀ ਨਹੀਂ।
2) ਉੱਤਰਦਾਤਾ ਵੱਲੋਂ ਵੀ ਕੋਈ ਨਹੀਂ।

**ਹਕਮ:**

ਪਿਛਲੀ ਪੇਸ਼ੀ, ਮਿਤੀ 17-07-2019 ਤੇ ਦੋਵਾਂ ਧਿਰਾਂ ਵਿੱਚੋਂ ਕੋਈ ਵੀ ਹਾਜ਼ਰ ਨਹੀਂ ਹੋਇਆ ਸੀ ਅਤੇ ਨਾ ਹੀ ਹਾਜ਼ਰ ਨਾ ਹੋਣ ਬਾਰੇ ਕਮਿਸ਼ਨ ਨੂੰ ਕੋਈ ਸੂਚਨਾ ਹੀ ਭੇਜੀ ਗਈ ਸੀ। ਇਸ ਲਈ ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਨੂੰ ਸਖਤ ਹਦਾਇਤ ਕੀਤੀ ਗਈ ਸੀ ਕਿ ਸ਼ਿਕਾਇਤਕਰਤਾ ਦੇ ਬਿਨੈ-ਪੱਤਰ ਅਨੁਸਾਰ ਸੂਚਨਾ ਦਾ ਅਧਿਕਾਰ ਐਕਟ, 2005 ਤਹਿਤ ਬਣਦੀ ਸੂਚਨਾ ਸ਼ਿਕਾਇਤਕਰਤਾ ਨੂੰ ਪੇਸ਼ੀ ਦੀ ਅਗਲੀ ਮਿਤੀ ਤੋਂ ਪਹਿਲਾਂ-ਪਹਿਲਾਂ ਮੁਹੱਈਆ ਕਰਵਾਈ ਜਾਵੇ ਅਤੇ ਅਗਲੀ ਪੇਸ਼ੀ ਤੇ ਨਿੱਜੀ ਤੌਰ ਤੇ ਹਾਜ਼ਰ ਹੋ ਕੇ ਪੇਸ਼ੀ ਤੇ ਹਾਜ਼ਰ ਨਾ ਹੋਣ ਬਾਰੇ ਸਪੱਸ਼ਟੀਕਰਣ ਵੀ ਪੇਸ਼ ਕੀਤਾ ਜਾਵੇ।ਅਜਿਹਾ ਨਾ ਕਰਨ ਦੀ ਸੂਰਤ ਵਿੱਚ ਉਨ੍ਹਾਂ ਵਿਰੁੱਧ ਸੂਚਨਾ ਦਾ ਅਧਿਕਾਰ ਐਕਟ, 2005 ਤਹਿਤ ਬਣਦੀ ਇਕਤਰਫਾ ਅਗਲੇਰੀ ਕਾਰਵਾਈ ਆਰੰਭ ਕਰ ਦਿੱਤੀ ਜਾਵੇਗੀ। ਸ਼ਿਕਾਇਤਕਰਤਾ ਨੂੰ ਵੀ ਆਪਣਾ ਪੱਖ ਪੇਸ਼ ਕਰਨ ਦਾ ਮੌਕਾ ਦਿੱਤਾ ਗਿਆ ਸੀ। ਇਸ ਲਈ ਇਹ ਕੇਸ ਅਗਲੀ ਸੁਣਵਾਈ ਮਿਤੀ 14-08-2019 ਨੂੰ ਸਵੇਰੇ 11-30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

2. ਅੱਜ ਫਿਰ ਸ਼ਿਕਾਇਤਕਰਤਾ ਹਾਜ਼ਰ ਨਹੀਂ ਹੋਇਆ ਪਰੰਤੂ ਉਸ ਵੱਲੋਂ ਅੱਜ ਹਾਜ਼ਰ ਨਾ ਹੋਣ ਬਾਰੇ ਈ.ਮੇਲ, ਮਿਤੀ 13-08-2019 ਨਾਲ ਭੇਜੇ ਗਏ ਪੱਤਰ, ਮਿਤੀ 13-08-2019 ਰਾਹੀਂ ਕਮਿਸ਼ਨ ਨੂੰ ਸੂਚਿਤ ਕਰਦੇ ਹੋਏ ਇਹ ਵੀ ਦੱਸਿਆ ਗਿਆ ਹੈ ਕਿ ਉਸ ਨੂੰ ਅਜੇ ਤੱਕ ਮੰਗੀ ਗਈ ਸੂਚਨਾ ਪ੍ਰਾਪਤ ਨਹੀਂ ਹੋਈ। ਇਸ ਲਈ ਉਸ ਨੇ ਸੂਚਨਾ ਮੁਹੱਈਆ ਕਰਾਉਣ ਅਤੇ ਪੇਸ਼ੀ ਲਈ ਅਗਲੀ ਮਿਤੀ ਲਈ ਬੇਨਤੀ ਕੀਤੀ ਹੈ। ਉੱਤਰਦਾਤਾ ਵੱਲੋਂ ਵੀ ਅੱਜ ਫਿਰ ਕੋਈ ਵੀ ਹਾਜ਼ਰ ਨਹੀਂ ਹੋਇਆ ਅਤੇ ਨਾ ਹੀ ਅੱਜ ਹਾਜ਼ਰ ਨਾ ਹੋਣ ਬਾਰੇ ਕਮਿਸ਼ਨ ਨੂੰ ਕੋਈ ਸੂਚਨਾ ਹੀ ਭੇਜੀ ਗਈ ਹੈ ਜਿਸ ਦਾ ਕਮਿਸ਼ਨ ਨੇ ਗੰਭੀਰ ਨੋਟਿਸ ਲਿਆ ਹੈ। ਇਸ ਲਈ ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਨੂੰ ਆਖਰੀ ਮੌਕਾ ਦਿੰਦੇ ਹੋਏ ਮੁੜ ਹਦਾਇਤ ਕੀਤੀ ਜਾਂਦੀ ਹੈ ਕਿ ਸ਼ਿਕਾਇਤਕਰਤਾ ਦੇ ਬਿਨੈ-ਪੱਤਰ ਅਨੁਸਾਰ ਸੂਚਨਾ ਦਾ ਅਧਿਕਾਰ ਐਕਟ, 2005 ਤਹਿਤ ਬਣਦੀ ਸੂਚਨਾ ਸ਼ਿਕਾਇਤਕਰਤਾ ਨੂੰ ਪੇਸ਼ੀ ਦੀ ਅਗਲੀ ਮਿਤੀ ਤੋਂ ਪਹਿਲਾਂ-ਪਹਿਲਾਂ ਮੁਹੱਈਆ ਕਰਵਾਈ ਜਾਵੇ ਅਤੇ ਅਗਲੀ ਪੇਸ਼ੀ ਤੇ ਨਿੱਜੀ ਤੌਰ ਤੇ ਹਾਜ਼ਰ ਹੋ ਕੇ ਲਗਾਤਾਰ ਪੇਸ਼ੀ ਤੇ ਹਾਜ਼ਰ ਨਾ ਹੋਣ ਬਾਰੇ ਸਪੱਸ਼ਟੀਕਰਣ ਵੀ ਪੇਸ਼ ਕੀਤਾ ਜਾਵੇ। ਅਜਿਹਾ ਨਾ ਕਰਨ ਦੀ ਸੂਰਤ ਵਿੱਚ ਉਨ੍ਹਾਂ ਵਿਰੁੱਧ ਸੂਚਨਾ ਦਾ ਅਧਿਕਾਰ ਐਕਟ, 2005 ਤਹਿਤ ਬਣਦੀ ਇਕਤਰਫਾ ਅਗਲੇਰੀ ਕਾਰਵਾਈ ਆਰੰਭ ਕਰ ਦਿੱਤੀ ਜਾਵੇਗੀ। ਇਸ ਹਦਾਇਤ ਦੇ ਨਾਲ ਇਹ ਕੇਸ **ਅਗਲੀ ਸੁਣਵਾਈ ਮਿਤੀ 10-09-2019 ਨੂੰ ਸਵੇਰੇ 11-30 ਵਜੇ ਲਈ ਨਿਸਚਿਤ** ਕੀਤਾ ਜਾਂਦਾ ਹੈ।

**(ਨਿਧੱੜਕ ਸਿੰਘ ਬਰਾੜ)**

**ਮਿਤੀ: ਚੰਡੀਗੜ੍ਹ, 14 ਅਗਸਤ, 2019.** **ਰਾਜ ਸੂਚਨਾ ਕਮਿਸ਼ਨਰ, ਪੰਜਾਬ।**

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ਼੍ਰੀ ਸੰਦੀਪ ਕੁਮਾਰ,
ਪੁੱਤਰ ਸ਼੍ਰੀ ਰਾਜ ਕੁਮਾਰ,
ਵਾਸੀ ਅਗਰਵਾਲ ਕਲੋਨੀ, ਵਾਰਡ ਨੰ:4 ਭਿੱਖੀ ,
ਤਹਿਸੀਲ ਤੇ ਜ਼ਿਲ੍ਹਾ ਮਾਨਸਾ। -------ਅਪੀਲਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ,
ਦਫਤਰ ਉਪ ਮੰਡਲ ਮੈਜਿਸਟਰੇਟ, ਮਾਨਸਾ।

ਪਹਿਲੀ ਅਪੀਲੀ ਅਥਾਰਟੀ ,
ਦਫਤਰ ਉਪ ਮੰਡਲ ਮੈਜਿਸਟਰੇਟ, ਮਾਨਸਾ। -------ਉੱਤਰਦਾਤਾ

**ਅਪੀਲ ਕੇਸ ਨੰ:1371 /2019**

ਹਾਜ਼ਰ:-

1) ਸ਼੍ਰੀ ਸੰਦੀਪ ਕੁਮਾਰ, ਅਪੀਲਕਰਤਾ।
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ਼੍ਰੀ ਮੁਕੇਸ਼ ਕੁਮਾਰ, ਜੂਨੀਅਰ ਸਹਾਇਕ (98725-62083)

**ਹੁਕਮ:**

ਅੱਜ ਪੇਸ਼ੀ ਤੇ ਹਾਜ਼ਰ ਅਪੀਲਕਰਤਾ ਨੇ ਕਿਹਾ ਕਿ ਉਸ ਨੂੰ ਅਜੇ ਤੱਕ ਮੰਗੀ ਗਈ ਸੂਚਨਾ ਪ੍ਰਾਪਤ ਨਹੀਂ ਹੋਈ। ਇਸ ਲਈ ਉਸ ਵੱਲੋਂ ਮੰਗੀ ਸੂਚਨਾ ਮੁਹੱਈਆ ਕਰਵਾਉਣ ਲਈ ਬੇਨਤੀ ਕੀਤੀ ਗਈ ਹੈ। ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਹਾਜ਼ਰ ਸ਼੍ਰੀ ਮੁਕੇਸ਼ ਕੁਮਾਰ, ਜੂਨੀਅਰ ਸਹਾਇਕ ਨੇ ਪੱਤਰ ਨੰ:371/ਆਰ.ਟੀ.ਆਈ., ਮਿਤੀ 13-08-2019 ਰਾਹੀਂ ਆਪਣਾ ਜਵਾਬ ਪੇਸ਼ ਕਰਦੇ ਹੋਏ ਸਮੇਂ ਦੀ ਮੰਗ ਕੀਤੀ ਗਈ ਹੈ। ਹਾਜ਼ਰ ਉੱਤਰਦਾਤਾ ਵੱਲੋਂ ਪੇਸ਼ ਕੀਤਾ ਗਿਆ ਜਵਾਬ ਮਿਸਲ ਤੇ ਰੱਖ ਲਿਆ ਗਿਆ ਹੈ ਅਤੇ ਇਸ ਦੀ ਇੱਕ ਕਾਪੀ ਅਪੀਲਕਰਤਾ ਨੂੰ ਪੇਸ਼ੀ ਦੌਰਾਨ ਦਸਤੀ ਦੈ ਦਿੱਤੀ ਗਈ ਹੈ।ਹਾਜ਼ਰ ਉੱਤਰਦਾਤਾ ਦੀ ਬੇਨਤੀ ਪ੍ਰਵਾਨ ਕਰਦੇ ਹੋਏ ਇਹ ਕੇਸ **ਅਗਲੀ ਸੁਣਵਾਈ ਮਿਤੀ 25-09-2019 ਨੂੰ ਸਵੇਰੇ 11-30 ਵਜੇ ਲਈ ਨਿਸਚਿਤ** ਕੀਤਾ ਜਾਂਦਾ ਹੈ।

**(ਨਿਧੱੜਕ ਸਿੰਘ ਬਰਾੜ)**
**ਮਿਤੀ: ਚੰਡੀਗੜ੍ਹ, 14 ਅਗਸਤ, 2019.** **ਰਾਜ ਸੂਚਨਾ ਕਮਿਸ਼ਨਰ, ਪੰਜਾਬ।**

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ਼੍ਰੀ ਅਛੱਰੂ ਬਾਂਸਲ, ਐਡਵੋਕੇਟ, (93161-52052)
ਵਾਸੀ ਗਾਇਤਰੀ ਭਵਨ, ਸਟੇਟ ਬੈਂਕ ਸਟਰੀਟ,
ਸਮਾਣਾ, ਜ਼ਿਲ੍ਹਾ ਪਟਿਆਲਾ। ------ਅਪੀਲਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ,
ਦਫਤਰ ਉਪ ਮੰਡਲ ਮੈਜਿਸਟਰੇਟ,
ਪਟਿਆਲਾ।

ਪਹਿਲੀ ਅਪੀਲੀ ਅਥਾਰਟੀ
ਡਿਪਟੀ ਕਮਿਸ਼ਨਰ, ਪਟਿਆਲਾ। ------ਉੱਤਰਦਾਤਾ

**ਅਪੀਲ ਕੇਸ ਨੰ:3655 /2018**

**ਹਾਜ਼ਰ:-**

1) ਅਪੀਲਕਰਤਾ ਵਲੋ਼ ਕੋਈ ਵੀ ਨਹੀਂ।
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ਼੍ਰੀ ਰਾਜੇਸ਼ ਕੁਮਾਰ, ਸੁਪਰਡੰਟ (96467-00852) ਦਫਤਰ ਉਪ ਮੰਡਲ ਮੈਜਿਸਟਰੇਟ, ਪਟਿਆਲਾ ਅਤੇ ਸ਼੍ਰੀ ਹਰਮੇਸ਼ ਸਿੰਘ, ਰਜਿਸਟਰੀ ਕਲਰਕ (98159-68770), ਦਫ਼ਤਰ ਸਬ-ਰਜਿਸਟਰਾਰ, ਪਟਿਆਲਾ।

**ਹੁਕਮ:**

ਅਪੀਲਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇਕ ਬਿਨੈ ਪੱਤਰ ਮਿਤੀ 15-03-2018, ਲੋਕ ਸੂਚਨਾ ਅਧਿਕਾਰੀ ਦਫਤਰ ਉਪ ਮੰਡਲ ਮੈਜਿਸਟਰੇਟ, ਪਟਿਆਲਾ ਨੂੰ ਪੇਸ਼ ਕੀਤਾ ਸੀ ਜਿਸ ਰਾਹੀਂ ਉਸ ਨੇ ਉਪ ਕਪਤਾਨ, ਪੁਲਿਸ, ਦਿੜ੍ਹਬਾ ਵੱਲੋ ਵੱਖ-ਵੱਖ ਮਿਤੀਆਂ ਤੇ ਵੱਖ-ਵੱਖ ਅਧਿਕਾਰੀਆਂ ਨੂੰ ਭੇਜੇ ਗਏ ਪੱਤਰਾਂ ਤੇ ਕੀਤੀ ਗਈ ਕਾਰਵਾਈ ਨਾਲ ਸਬੰਧਤ 07 ਨੁਕਤਿਆਂ ਬਾਰੇ ਸੂਚਨਾ ਦੀ ਮੰਗ ਕੀਤੀ ਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 30-10-2018 ਨੂੰ ਕਮਿਸ਼ਨ ਕੋਲ ਦੂਜੀ ਅਪੀਲ ਦਾਇਰ ਕੀਤੀ ਸੀ ਜਿਸ ਨੂੰ ਪੜਚੋਲਣ ਉਪਰੰਤ ਮਿਤੀ 21-12-2018 ਨੂੰ ਨੋਟਿਸ ਜਾਰੀ ਕਰਕੇ ਇਹ ਕੇਸ ਪਹਿਲੀ ਸੁਣਵਾਈ ਮਿਤੀ 21-01-2019 ਨੂੰ ਸਵੇਰੇ 11:00 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

2. ਪਿਛਲੀ ਪੇਸ਼ੀ, ਮਿਤੀ 23-07-2019 ਤੇ ਦੋਵਾਂ ਧਿਰਾਂ ਵੱਲੋਂ ਕੋਈ ਵੀ ਹਾਜ਼ਰ ਨਹੀਂ ਹੋਇਆ ਸੀ ਅਤੇ ਨਾ ਹੀ ਹਾਜ਼ਰ ਨਾ ਹੋਣ ਬਾਰੇ ਕਮਿਸ਼ਨ ਨੂੰ ਕੋਈ ਸੂਚਨਾ ਹੀ ਭੇਜੀ ਗਈ ਸੀ। ਇਸ ਲਈ ਲੋਕ ਸੂਚਨਾ ਅਧਿਕਾਰੀ ਦਫਤਰ ਉਪ ਮੰਡਲ ਮੈਜਿਸਟਰੇਟ,ਪਟਿਆਲਾ ਨੂੰ ਆਖਰੀ ਮੌਕਾ ਦਿੰਦੇ ਹੋਏ ਹਦਾਇਤ ਕੀਤੀ ਗਈ ਸੀ ਕਿ ਪੇਸ਼ੀ ਦੀ ਅਗਲੀ ਮਿਤੀ ਤੇ ਨਿੱਜੀ ਪੱਧਰ ਤੇ ਹਾਜ਼ਰ ਹੋ ਕੇ ਲਗਾਤਾਰ ਪੇਸ਼ੀਆਂ ਤੇ ਹਾਜ਼ਰ ਨਾ ਹੋਣ ਬਾਰੇ ਸਪੱਸ਼ਟੀਕਰਣ ਪੇਸ਼ ਕੀਤਾ ਜਾਵੇ। ਅਪੀਲਕਰਤਾ ਨੂੰ ਵੀ ਆਪਣਾ ਪੱਖ ਪੇਸ਼ ਕਰਨ ਦਾ ਆਖਰੀ ਮੌਕਾ ਦਿੱਤਾ ਗਿਆ ਸੀ। ਇਸ ਲਈ ਇਹ ਕੇਸ ਅਗਲੀ ਸੁਣਵਾਈ ਮਿਤੀ 14-08-2019 ਨੂੰ ਸਵੇਰੇ 11-30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

3. ਅਪੀਲਕਰਤਾ ਅੱਜ ਪੇਸ਼ੀ ਤੇ ਹਾਜ਼ਰ ਨਹੀਂ ਹੋਇਆ ਅਤੇ ਨਾ ਹੀ ਉਸ ਵੱਲੋਂ ਅੱਜ ਹਾਜ਼ਰ ਨਾ ਹੋਣ ਬਾਰੇ ਕਮਿਸ਼ਨ ਨੂੰ ਕੋਈ ਸੂਚਨਾ ਹੀ ਭੇਜੀ ਗਈ ਹੈ।

4. ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਹਾਜ਼ਰ, ਸ਼੍ਰੀ ਰਾਜੇਸ਼ ਕੁਮਾਰ, ਸੁਪਰਡੰਟ-ਕਮ- ਲੋਕ ਸੂਚਨਾ ਅਧਿਕਾਰੀ ਦਫਤਰ ਉਪ ਮੰਡਲ ਮੈਜਿਸਟਰੇਟ, ਪਟਿਆਲਾ ਨੇ ਪੱਤਰ ਨੰ:673/ਸਟੈਨੋ/ਆਰ.ਟੀ.ਆਈ., ਮਿਤੀ 13-08-2019 ਰਾਹੀਂ ਆਪਣਾ ਜਵਾਬ ਪੇਸ਼ ਕੀਤਾ ਹੈ ਜੋ ਕਿ ਮਿਸਲ ਤੇ ਰੱਖ ਲਿਆ ਗਿਆ ਹੈ। ਇਸ ਪੱਤਰ ਰਾਹੀਂ ਹਾਜ਼ਰ ਉੱਤਰਦਾਤਾ ਵੱਲੋਂ ਪਿਛਲੀਆਂ ਪੇਸ਼ੀਆਂ ਤੇ ਹਾਜ਼ਰ ਨਾ ਹੋਣ ਬਾਰੇ ਆਪਣਾ ਸਪੱਸ਼ਟੀਕਰਣ ਪੇਸ਼ ਕਰਦੇ ਹੋਏ ਕਿਹਾ ਗਿਆ ਹੈ ਕਿ ਅਪੀਲਕਰਤਾ ਵੱਲੋਂ ਮੰਗੀ ਗਈ ਸੂਚਨਾ ਦੇ ਕੇਵਲ ਪੈਰ੍ਹਾ ਨੰ:1 ਦਾ ਸਬੰਧ ਉਨ੍ਹਾਂ ਦੇ ਦਫਤਰ ਨਾਲ ਸੀ ਅਤੇ ਬਾਕੀ ਸੂਚਨਾ ਦਾ ਸਬੰਧ ਤਹਿਸੀਲਦਾਰ-ਕਮ- ਲੋਕ ਸੂਚਨਾ ਅਧਿਕਾਰੀ, ਪਟਿਆਲਾ ਨਾਲ ਸੀ ਜਿਸ ਕਰਕੇ ਅਪੀਲਕਰਤਾ ਦੀ ਆਰ.ਟੀ.ਆਈ.ਅਰਜ਼ੀ ਉਨ੍ਹਾਂ ਦੇ ਪੱਤਰ, ਮਿਤੀ 26-03-2018 ਰਾਹੀਂ ਆਰ.ਟੀ.ਆਈ. ਐਕਟ, 2005 ਦੀ ਧਾਰਾ 6(3) ਤਹਿਤ ਉਨ੍ਹਾਂ ਨੂੰ ਤਬਦੀਲ ਕਰ

ਪਰਤੋ ਜੀ----ਚਲਦਾ ਪੰਨਾ/2

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**



ਦਿੱਤੀ ਗਈ ਸੀ ਅਤੇ ਇਸ ਕੇਸ ਦੀ ਪੈਰਵਾਈ ਕਰਨ ਵਾਸਤੇ ਤਹਿਸੀਲਦਾਰ-ਕਮ-ਲੋਕ ਸੂਚਨਾ ਅਧਿਕਾਰੀ, ਪਟਿਆਲਾ ਨੂੰ ਲਿਖ ਦਿੱਤਾ ਗਿਆ ਸੀ। ਹਾਜ਼ਰ ਉੱਤਰਦਾਤਾ ਨੇ ਇਹ ਵੀ ਕਿਹਾ ਹੈ ਕਿ ਉਨ੍ਹਾਂ ਵੱਲੋਂ ਪੈਰ੍ਹਾ ਨੰ:1 ਸਬੰਧੀ ਸੂਚਨਾ ਆਪਣੇ ਪੱਤਰ ਨੰ:256/ਸਟੈਨੋ/ਆਰ.ਟੀ.ਆਈ., ਮਿਤੀ 26-03-2019 ਰਾਹੀਂ ਅਪੀਲਕਰਤਾ ਨੂੰ ਸੂਚਨਾ ਭੇਜੀ ਜਾ ਚੁੱਕੀ ਹੈ।

5. ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਹਾਜ਼ਰ, ਸ਼੍ਰੀ ਹਰਮੇਸ਼ ਸਿੰਘ, ਰਜਿਸਟਰੀ ਕਲਰਕ ਦਫ਼ਤਰ ਸਬ-ਰਜਿਸਟਰਾਰ, ਪਟਿਆਲਾ ਨੇ ਪੱਤਰ ਨੰ:5987/ਸੂਚਨਾ ਕਲਰਕ, ਮਿਤੀ 13-08-2019 ਰਾਹੀਂ ਆਪਣਾ ਜਵਾਬ ਪੇਸ਼ ਕੀਤਾ ਹੈ ਜੋ ਕਿ ਮਿਸਲ ਤੇ ਰੱਖ ਲਿਆ ਗਿਆ ਹੈ। ਇਸ ਪੱਤਰ ਰਾਹੀਂ ਹਾਜ਼ਰ ਉੱਤਰਦਾਤਾ ਵੱਲੋਂ ਦੱਸਿਆ ਗਿਆ ਹੈ ਕਿ ਉਨ੍ਹਾਂ ਵੱਲੋਂ ਆਪਣੇ ਰਜਿਸਟਰਡ ਪੱਤਰ ਨੇ ਪੱਤਰ ਨੰ:64/ਆਰ.ਸੀ., ਮਿਤੀ 06-08-2018 ਰਾਹੀਂ ਅਪੀਲਕਰਤਾ ਨੂੰ ਸੂਚਨਾ ਭੇਜੀ ਜਾ ਚੁੱਕੀ ਹੈ। ਇਸ ਤੋਂ ਇਲਾਵਾ ਉਨ੍ਹਾਂ ਵੱਲੋਂ ਅਪੀਲਕਰਤਾ ਨੂੰ ਇਹ ਵੀ ਲਿਖਿਆ ਗਿਆ ਸੀ ਕਿ ਜੇਕਰ ਉਸ ਨੂੰ ਕਿਸੇ ਹੋਰ ਦਸਤਾਵੇਜ਼ ਦੀ ਜ਼ਰੂਰਤ ਹੋਵੇ ਤਾਂ ਉਹ ਕਿਸੇ ਕੰਮ ਵਾਲੇ ਦਿਨ ਸਬੰਧਤ ਰਿਕਾਰਡ ਦੀ ਇੰਸਪੈਕਸ਼ਨ ਕਰ ਕੇ ਲੋੜੀਂਦੇ ਡਾਕੂਮੈਂਟ ਪ੍ਰਾਪਤ ਕਰ ਸਕਦਾ ਹੈ।

6. ਅਪੀਲਕਰਤਾ ਲਗਾਤਾਰ ਤਿੰਨ ਪੇਸ਼ੀਆਂ ਤੇ ਹਾਜ਼ਰ ਨਹੀਂ ਹੋਇਆ ਅਤੇ ਨਾ ਹੀ ਉਸ ਵੱਲੋਂ ਹਾਜ਼ਰ ਨਾ ਹੋਣ ਬਾਰੇ ਕਮਿਸ਼ਨ ਨੂੰ ਕੋਈ ਸੂਚਨਾ ਹੀ ਭੇਜੀ ਗਈ ਹੈ ਜਿਸ ਤੋਂ ਜ਼ਾਹਿਰ ਹੁੰਦਾ ਹੈ ਕਿ ਅਪੀਲਕਰਤਾ ਨੂੰ ਸੂਚਨਾ ਪ੍ਰਾਪਤ ਹੋ ਚੁੱਕੀ ਹੈ ਜਿਸ ਕਰਕੇ ਉਹ ਇਸ ਕੇਸ ਦੀ ਪੈਰਵਾਈ ਵਿੱਚ ਕੋਈ ਦਿਲਚਸਪੀ ਨਹੀਂ ਲੈ ਰਿਹਾ। ਇਸ ਕਰਕੇ ਉਕਤ ਪੈਰ੍ਹਾ 4 ਅਤੇ 5 ਵਿੱਚ ਹਾਜ਼ਰ ਉੱਤਰਦਾਤਾਵਾਂ ਵੱਲੋਂ ਦੱਸੀ ਗਈ ਸਥਿਤੀ ਨੂੰ ਤਸੱਲੀਬਖਸ਼ ਪਾਉਂਦੇ ਹੋਏ ਇਸ ਕੇਸ ਵਿੱਚ ਵੀ ਕਿਸੇ ਹੋਰ ਕਾਰਵਾਈ ਦੀ ਲੋੜ ਨਹੀਂ ਹੈ। ਇਸ ਲਈ ਅਪੀਲਕਰਤਾ ਵੱਲੋਂ ਕਮਿਸ਼ਨ ਵਿਖੇ ਦਾਇਰ ਕੀਤਾ ਗਿਆ **ਅਪੀਲ ਕੇਸ ਦਾਖਲ ਦਫ਼ਤਰ** ਕੀਤਾ ਜਾਂਦਾ ਹੈ।

**(ਨਿਧੱੜਕ ਸਿੰਘ ਬਰਾੜ)**
**ਰਾਜ ਸੂਚਨਾ ਕਮਿਸ਼ਨਰ, ਪੰਜਾਬ।**

**ਮਿਤੀ: ਚੰਡੀਗੜ੍ਹ, 14 ਅਗਸਤ, 2019.**

**ਕਾਪੀ:-**

ਲੋਕ ਸੂਚਨਾ ਅਧਿਕਾਰੀ,
ਦਫ਼ਤਰ ਤਹਿਸੀਲਦਾਰ, ਪਟਿਆਲਾ।

ਸ਼੍ਰੀ ਬਿਕਰਮ ਜੀਤ ਸਿੰਘ ਛਾਛੀ,

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

120 -ਬੀ /1 ਨਾਗਰ ਹਾਊਸ,
ਟੀ.ਬੀ. ਹਸਤਪਾਤ ਰੋਡ, ਪਟਿਆਲਾ । ------- ਸ਼ਿਕਾਇਤਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ,
ਦਫਤਰ ਪ੍ਰਿੰਸੀਪਲ , ਸਰਕਾਰੀ ਮਹਿੰਦਰਾ ਕਾਲਿਜ,
ਪਟਿਆਲਾ।

ਪਹਿਲੀ ਅਪੀਲੀ ਅਥਾਰਟੀ,
ਦਫਤਰ ਪ੍ਰਿੰਸੀਪਲ ਸਰਕਾਰੀ ਮਹਿੰਦਰਾ ਕਾਲਿਜ,
ਪਟਿਆਲਾ। -------ਉੱਤਰਦਾਤਾ

**ਸ਼ਿਕਾਇਤ ਕੇਸ ਨੰ:429 /2019**

**ਹਾਜ਼ਰ:-**

1) ਸ਼ਿਕਾਇਤਕਰਤਾ ਵੱਲੋਂ ਕੋਈ ਵੀ ਨਹੀਂ।
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋ ਸ਼੍ਰੀ ਹਰਬੰਸ ਸਿੰਘ, ਐਸੋਸੀਏਟ ਪ੍ਰੋਫੈਸਰ (94175-00776) ਅਤੇ ਸ਼੍ਰੀਮਤੀ ਤ੍ਰਿਪਤੀ ਸ਼ਰਮਾ, ਐਸੋਸੀਏਟ ਪ੍ਰੋਫੈਸਰ (98881-96528)।

**ਹਕਮ:**

ਸ਼ਿਕਾਇਤਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇਕ ਬਿਨੈ ਪੱਤਰ ਮਿਤੀ 25-09-2018, ਲੋਕ ਸੂਚਨਾ ਅਧਿਕਾਰੀ ਦਫਤਰ ਪ੍ਰਿੰਸੀਪਲ , ਸਰਕਾਰੀ ਮਹਿੰਦਰਾ ਕਾਲਿਜ, ਪਟਿਆਲਾ ਨੂੰ ਪੇਸ਼ ਕੀਤਾ ਸੀ ਜਿਸ ਰਾਹੀਂ ਉਸ ਨੇ ਸਾਲ 2007 ਤੋਂ 2018 ਤੱਕ ਦੇ ਸਮੇਂ ਨਾਲ ਸਬੰਧਤ ਵਿਭਾਗ ਵਿੱਚ ਲਾਗੂ ਪੰਜਾਬ ਆਰ.ਟੀ.ਆਈ. ਨਿਯਮਾਂ ਨਾਲ ਸਬੰਧਤ 04 ਨੁਕਤਿਆਂ ਬਾਰੇ ਸੂਚਨਾ ਦੀ ਮੰਗ ਕੀਤੀ ਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 18-04-2019 ਨੂੰ ਕਮਿਸ਼ਨ ਕੋਲ ਸ਼ਿਕਾਇਤ ਦਾਇਰ ਕੀਤੀ ਸੀ ਜਿਸ ਨੂੰ ਪੜਚੋਲਣ ਉਪਰੰਤ ਮਿਤੀ 05-07-2019 ਨੂੰ ਨੋਟਿਸ ਜਾਰੀ ਕਰਕੇ ਇਹ ਕੇਸ ਪਹਿਲੀ ਸੁਣਵਾਈ ਮਿਤੀ 06-08-2019 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

2. ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋ ਹਾਜ਼ਰ ਸ਼੍ਰੀ ਹਰਬੰਸ ਸਿੰਘ, ਐਸੋਸੀਏਟ ਪ੍ਰੋਫੈਸਰ ਨੇ ਆਪਣਾ ਜਵਾਬ ਪੇਸ਼ ਕਰਦੇ ਹੋਏ ਕਿਹਾ ਕਿ ਉਨ੍ਹਾਂ ਵੱਲੋਂ ਸ਼ਿਕਾਇਤਕਰਤਾ ਨੂੰ ਦਫ਼ਤਰ ਬੁਲਾ ਰਿਕਾਰਡ ਦੀ ਇੰਸਪੈਕਸ਼ਨ ਕਰਵਾ ਕੇ ਉਪਲਬਧ ਸੂਚਨਾ ਮੁਹੱਈਆ ਕਰਵਾਈ ਜਾ ਚੁੱਕੀ ਹੈ ਅਤੇ ਬਾਕੀ ਸੂਚਨਾ ਮੁਹੱਈਆ ਕਰਵਾ ਦਿੱਤੀ ਜਾਵੇਗੀ ਜਿਸ ਤੇ ਸ਼ਿਕਾਇਤਕਰਤਾ ਨੇ ਸੰਤੁਸ਼ਟੀ ਪ੍ਰਗਟਾਈ ਹੈ। ਇਸ ਲਈ ਹਾਜ਼ਰ ਉੱਤਰਦਾਤਾ ਵੱਲੋਂ ਕੇਸ ਦਾਖਲ ਦਫ਼ਤਰ ਕਰਨ ਲਈ ਬੇਨਤੀ ਕੀਤੀ ਹੈ। ਉੱਤਰਦਾਤਾ ਵੱਲੋਂ ਪੇਸ਼ ਕੀਤਾ ਗਿਆ ਜਵਾਬ ਮਿਸਲ ਤੇ ਰੱਖ ਲਿਆ ਗਿਆ ਹੈ।

3. ਸ਼ਿਕਾਇਤਕਰਤਾ ਅੱਜ ਹਾਜ਼ਰ ਨਹੀਂ ਹੋਇਆ ਪਰੰਤੂ ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋ ਹਾਜ਼ਰ ਸ਼੍ਰੀ ਹਰਬੰਸ ਸਿੰਘ, ਐਸੋਸੀਏਟ ਪ੍ਰੋਫੈਸਰ ਨੇ ਸ਼ਿਕਾਇਤਕਰਤਾ ਕੋਲੋਂ ਪ੍ਰਾਪਤ ਕੀਤਾ ਗਿਆ ਪੱਤਰ ਮਿਤੀ 14-08-2019 ਪੇਸ਼ ਕੀਤਾ ਹੈ ਜਿਸ ਰਾਹੀਂ ਸ਼ਿਕਾਇਤਕਰਤਾ ਵੱਲੋਂ ਦੱਸਿਆ ਗਿਆ ਹੈ ਕਿ ਉਹ ਸਿਹਤ ਠੀਕ ਨਾ ਹੋਣ ਕਾਰਨ ਬੈੱਡ ਰੈਸਟ ਤੈ ਹੈ ਅਤੇ ਉਹ ਪੇਸ਼ੀ ਤੇ ਹਾਜ਼ਰ ਨਹੀਂ ਹੋ ਸਕਦਾ। ਉਸ ਵੱਲੋਂ ਇਹ ਵੀ ਕਿਹਾ ਗਿਆ ਹੈ ਕਿ ਉੱਤਰਦਾਤਾ ਕੋਲ ਉਪਲਬਧ ਰਿਕਾਰਡ ਉਸ ਨੂੰ ਦਿੱਤਾ ਜਾ ਚੁੱਕਾ ਹੈ ਅਤੇ ਬਾਕੀ ਰਿਕਾਰਡ ਮੁਹੱਈਆ ਕਰਾਉਣ ਦਾ ਭਰੋਸਾ ਦਿੱਤਾ ਗਿਆ ਹੈ ਜਿਸ ਤੋਂ ਉਹ ਸੰਤੁਸ਼ਟ ਹੈ। ਇਸ ਤਰ੍ਹਾਂ ਸ਼ਿਕਾਇਤਕਰਤਾ ਨੇ ਕਿਹਾ ਹੈ ਕਿ ਉਹ ਕਮਿਸ਼ਨ ਵੱਲੋਂ ਜ਼ੋ ਵੀ ਹੁਕਮ ਪਾਸ ਕੀਤੇ ਜਾਣਗੇ, ਉਹ ਉਨਾਂ ਦਾ ਸਤਿਕਾਰ ਕਰੇਗਾ। ਸ਼ਿਕਾਇਤਕਰਤਾ ਕੋਲੋਂ ਪ੍ਰਾਪਤ ਕੀਤਾ ਗਿਆ ਪੱਤਰ ਮਿਸਲ ਤੇ ਰੱਖ ਲਿਆ ਗਿਆ ਹੈ।

4. ਸ਼ਿਕਾਇਤਕਰਤਾ ਨੇ ਉੱਤਰਦਾਤਾ ਕੋਲ ਉਪਲਬਧ ਰਿਕਾਰਡ ਪ੍ਰਾਪਤ ਕਰਨ ਅਤੇ ਬਾਕੀ ਰਿਕਾਰਡ ਮੁਹੱਈਆ

ਪਰਤੋ ਜੀ----ਚਲਦਾ ਪੰਨਾ/2

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**



**ਸ਼ਿਕਾਇਤ ਕੇਸ ਨੰ:**429 /2019

ਕਰਾਉਣ ਬਾਰੇ ਦਿੱਤੇ ਗਏ ਭਰੋਸੇ ਤੇ ਸੰਤੁਸ਼ਟੀ ਪ੍ਰਗਟਾਈ ਹੈ ਅਤੇ ਕਿਹਾ ਹੈ ਕਿ ਉਹ ਕਮਿਸ਼ਨ ਵੱਲੋਂ ਜ਼ੋ ਵੀ ਹੁਕਮ ਪਾਸ ਕੀਤੇ ਜਾਣਗੇ ਉਨਾਂ ਦਾ ਸਤਿਕਾਰ ਕਰੇਗਾ। ਇਸ ਤੋਂ ਜ਼ਾਹਿਰ ਹੈ ਕਿ ਸ਼ਿਕਾਇਤਕਰਤਾ ਪ੍ਰਾਪਤ ਸੂਚਨਾ ਤੋਂ ਸੰਤੁਸ਼ਟ ਹੈ। ਇਸ ਕਰਕੇ ਇਸ ਕੇਸ ਵਿੱਚ ਵੀ ਕਿਸੇ ਹੋਰ ਕਾਰਵਾਈ ਦੀ ਲੋੜ ਨਹੀਂ ਹੈ। ਇਸ ਲਈ ਸ਼ਿਕਾਇਤਕਰਤਾ ਵੱਲੋਂ ਕਮਿਸ਼ਨ ਵਿਖੇ ਦਾਇਰ ਕੀਤਾ ਗਿਆ **ਸ਼ਿਕਾਇਤ ਕੇਸ ਦਾਖਲ ਦਫ਼ਤਰ** ਕੀਤਾ ਜਾਂਦਾ ਹੈ।

(ਨਿਧੱੜਕ ਸਿੰਘ ਬਰਾੜ)
**ਮਿਤੀ: ਚੰਡੀਗੜ੍ਹ,** 14 **ਅਗਸਤ,** 2019. **ਰਾਜ ਸੂਚਨਾ ਕਮਿਸ਼ਨਰ, ਪੰਜਾਬ।**